
# ਅੰਮ੍ਰਿਤ ਕੀਰਤਨ

ਜੁਲਾਈ 2007

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 7 • ਸਾਲ ਉਨ੍ਹੀਵਾਂ • ਜੁਲਾਈ 2007



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਊੱਤਮ ਸਿੰਘ**


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/05.05.2004 valid upto 31.03.2007

**ਚੰਦੇ ਦਾ ਵੇਰਵਾ**

- **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $
- 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com



| | |
|---|---|
| ਕਰਉ ਬੇਨੰਤੀਆ<br>*ਸੰਪਾਦਕੀ* | 2 |
| ਸ੍ਰੀ ਹਰਿਮੰਦਰ ਸਾਹਿਬ ਦੇ ਸੰਗੀਤ ਦਾ ਸੰਦੇਸ਼<br>*ਡਾ. ਜਸਬੀਰ ਸਿੰਘ ਸਾਬਰ* | 3 |
| ਪ੍ਰਭ ਏਕੈ ਏਕੰਕਾਰੈ (ਸਾਰਗ ਮ: ੫)<br>*ਮਾਤਾ ਸ਼ਿਵਬਾਣੀ (ਜਪ ਲੋਕ)* | 8 |
| ਗੁਰਮਤਿ ਸੰਗੀਤ-ਸੰਭਾਲ<br>*ਕਰਤਾਰ ਸਿੰਘ ਨੀਲਧਾਰੀ* | 14 |
| सांगीतिक परिवेश में पल्लवित पौराणिक काल<br>*संतोष नागर* | 18 |
| ਸੁਰ ਲਿਪੀ<br>*ਹਰਦੀਪ ਕੌਰ* | 22 |
| ਸੁਰ ਲਿਪੀ ਵਾਲੇ ਸ਼ਬਦ ਦੇ ਅਰਥ<br>*ਹਰਦੀਪ ਕੌਰ* | 24 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 98145 25351

# ਭਾਈ ਗੁਰਦਾਸ ਜੀ ਅਤੇ ਗੁਰਮਤਿ ਸੰਗੀਤ

ਗੁਰਮਤਿ ਦੇ ਗੁੱਝੇ ਰਹੱਸਾਂ ਨੂੰ ਜਾਣਨ ਲਈ ਭਾਈ ਗੁਰਦਾਸ ਜੀ ਦੀ ਬਾਣੀ ਬੜੀ ਸਹਾਇਕ ਸਿੱਧ ਹੁੰਦੀ ਹੈ। ਇਸੇ ਕਰ ਕੇ ਇਸ ਨੂੰ ***ਗੁਰਬਾਣੀ ਦੀ ਕੁੰਜੀ*** ਕਿਹਾ ਗਿਆ ਹੈ। ਗੁਰਮਤਿ ਸੰਗੀਤ ਬਾਰੇ ਭਾਈ ਸਾਹਿਬ ਦੀ ਰਚਨਾ ਦਾ ਅਧਿਐਨ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਅਸੀਂ ਇਸ ਪੱਖ ਤੋਂ ਅਧਿਐਨ ਆਰੰਭ ਕੀਤਾ ਤਾਂ ਭਾਈ ਸਾਹਿਬ ਦੀਆਂ ਸੰਗੀਤ ਸਬੰਧੀ ਸਥਾਪਨਾਵਾਂ ਬਾਰੇ ਜਾਣ ਕੇ ਉਹਨਾਂ ਦੀ ਪ੍ਰਤਿਭਾ ਅੱਗੇ ਨਮਸਕਾਰ ਕਰਨ ਨੂੰ ਦਿਲ ਕੀਤਾ। ਪੇਸ਼ ਹਨ ਉਹਨਾਂ ਦੁਆਰਾ ਕੁਝ ਸੰਗੀਤਕ ਹਵਾਲੇ-

*ਚੰਗਾ ਰੁਖੁ ਵਢਾਇ ਰਬਾਬ ਘੜਾਇਆ।*
*ਛੇਲੀ ਹੋਇ ਕੁਹਾਇ ਮਾਸੁ ਵੰਡਾਇਆ।*
*ਆਂਦ੍ਰਹੁੰ ਤਾਰ ਬਣਾਇ ਚੰਮਿ ਮੜਾਇਆ।*
*ਸਾਧ ਸੰਗਤਿ ਵਿਚਿ ਆਇ ਨਾਦ ਵਜਾਇਆ।*
*ਰਾਗ ਰੰਗ ਉਪਜਾਇ ਸਬਦੁ ਸੁਣਾਇਆ।*
*ਸਤਿਗੁਰ ਪੁਰਖੁ ਧਿਆਇ ਸਹਜਿ ਸਮਾਇਆ।*

(ਵਾਰ 14 ਪਉੜੀ 15)

*ਦੰਮਲ ਵਜੈ ਦੁਹੁ ਧਿਰੀ*
*ਖਾਇ ਤਮਾਚੇ ਬੰਧਨਿ ਜੜਿਆ।*
*ਵਜਨਿ ਰਾਗ ਰਬਾਬ ਵਿਚਿ*
*ਕੰਨ ਮਰੋੜੀ ਫਿਰ ਫਿਰ ਫੜਿਆ।*
*ਖਾਨ ਮਜੀਰੇ ਟਕਰਾਂ*
*ਸਿਰ ਤਨ ਭੰਨਿ ਮਰਦੇ ਕਰਿ ਧੜਿਆ।*
*ਖਾਲੀ ਵਜੈ ਵੰਝੁਲੀ*
*ਦੇ ਸੂਲਾਕ ਨ ਅੰਦਰਿ ਵੜਿਆ।*
*ਸੁਇਨੇ ਕਲਸੁ ਸਵਾਰੀਐ*
*ਭੰਨਾ ਘੜਾ ਨ ਜਾਈ ਘੜਿਆ।*
*ਦੂਜਾ ਭਾਉ ਸੜਾਣੈ ਸੜਿਆ।।*

(ਵਾਰ 33 ਪਉੜੀ 13)

*ਜਿਉ ਜੰਤ੍ਰੀ ਹਥਿ ਜੰਤ੍ਰ ਲੈ ਸਭਿ ਰਾਗ ਵਜਾਏ*
*ਆਪੇ ਸੁਣਿ ਸੁਣਿ ਮਗਨੁ ਹੋਇ ਆਪੇ ਗੁਣ ਗਾਏ।*
*ਸਬਦੁ ਸੁਰਤਿ ਲਿਵਲੀਣੁ ਹੋਇ ਆਪਿ ਰੀਝਿ ਰੀਝਾਏ।*
*ਕਥਤਾ ਬਕਤਾ ਆਪਿ ਹੈ ਸੁਰਤਾ ਲਿਵ ਲਾਏ।*
*ਆਪੇ ਆਪਿ ਵਿਸਮਾਦੁ ਹੋਇ ਸਰਬੰਗ ਸਮਾਏ।*
*ਆਪੇ ਆਪਿ ਵਰਤਦਾ ਗੁਰਮੁਖਿ ਪਤੀਆਏ।*

(ਵਾਰ 2 - ਪਉੜੀ 2)

*ਰਾਗ ਨਾਦ ਵਿਸਮਾਦੁ ਹੋਇ ਗੁਣ ਗਹਿਰ ਗੰਭੀਰਾ।*
*ਸਬਦ ਸੁਰਤਿ ਲਿਵਲੀਣ ਹੋਇ ਅਨਹਦ ਧੁਨਿ ਧੀਰਾ।*
*ਜੰਤ੍ਰੀ ਜੰਤ੍ਰ ਵਜਾਇਦਾ ਮਨਿ ਉਨਮਨਿ ਚੀਰਾ*
*ਵਜਿ ਵਜਾਇ ਸਮਾਇ ਲੈ ਗੁਰ ਸਬਦ ਵਜੀਰਾ*
*ਅੰਤਰਿਜਾਮੀ ਜਾਣੀਐ ਅੰਤਰਿ ਗਤਿ ਪੀਰਾ।।*
*ਗੁਰ ਚੇਲਾ ਗੁਰੂ ਬੇਧਿ ਹੀਰੈ ਹੀਰਾ।।*

(ਵਾਰ 9- ਪਉੜੀ 8)

*ਸਬਦ ਸੁਰਤਿ ਲਿਵ ਸਾਧ ਸੰਗਿ*
*ਪੰਚ ਸਬਦ ਇਕ ਸਬਦ ਮਿਲਾਏ।*
*ਰਾਗ ਨਾਦ ਸੰਬਾਦ ਲਖਿ*
*ਭਾਖਿਆ ਭਾਉ ਸੁਭਾਉ ਅਲਾਏ।*
*ਗੁਰਮੁਖਿ ਬ੍ਰਹਮ ਧਿਆਨੁ ਧੁਨਿ*
*ਜਾਣੇ ਜੰਤ੍ਰੀ ਜੰਤ੍ਰ ਵਜਾਏ।*

(ਵਾਰ 6-ਪਉੜੀ 10/2)

ਆਸ ਹੈ ਭਾਈ ਸਾਹਿਬ ਦੀ ਸਮੁੱਚੀ ਰਚਨਾ ਦਾ ਇਸ ਪੱਖੋਂ ਅਧਿਐਨ ਕਰਨ ਨਾਲ ਗੁਰਮਤਿ ਸੰਗੀਤ ਦੇ ਹੋਰ ਪੱਖ ਉਜਾਗਰ ਹੋਣਗੇ।

# ਸ੍ਰੀ ਹਰਿਮੰਦਰ ਸਾਹਿਬ ਦੇ ਸੰਗੀਤ ਦਾ ਸੰਦੇਸ਼

ਡਾ. ਜਸਬੀਰ ਸਿੰਘ ਸਾਬਰ

ਕਲਾ ਸੰਸਕ੍ਰਿਤੀ ਦੇ ਖੇਤਰ ਵਿਚ ਚਿੱਤਰਕਾਰੀ ਸ਼ਿਲਪਕਾਰੀ, ਭਵਨ-ਉਸਾਰੀ ਅਤੇ ਸੰਗੀਤ ਆਉਂਦੇ ਹਨ। ਇਨ੍ਹਾਂ ਸਾਰਿਆਂ ਬਾਰੇ ਚਰਚਾ ਕਰਨੀ ਇਸ ਖੋਜ ਪੱਤਰ ਵਿਚ ਸੰਭਵ ਨਹੀਂ, ਇਸ ਮੰਤਵ ਸਿੱਧੀ ਲਈ ਪੂਰੀ ਪੁਸਤਕ ਸਿਰਜਣ ਦੀ ਲੋੜ ਹੈ। ਇਸ ਖੋਜ ਪੱਤਰ ਦੀ ਸੀਮਾ 'ਸੰਗੀਤ ਕਲਾ' ਹੈ ਅਤੇ ਉਹ ਵੀ ਸ੍ਰੀ ਹਰਿਮੰਦਰ ਸਾਹਿਬ ਦੇ ਸੰਗੀਤ ਦੇ ਸੰਦੇਸ਼ ਤੱਕ। ਕਲਾ ਖੇਤਰ ਵਿਚ ਸੰਗੀਤ ਦਾ ਆਧਾਰ ਬੌਧਿਕਤਾ ਨਹੀਂ ਭਾਵ ਆਤਮਿਕਤਾ ਹੈ।

ਇਸ ਕਲਾ ਰਾਹੀਂ ਕਲਾਕਾਰ ਆਪਣੇ ਕੋਮਲ ਭਾਵਾਂ ਨੂੰ ਸੁਰ ਤੇ ਲੈਅ ਦੇ ਮਾਧਿਅਮ ਰਾਹੀਂ ਸਾਕਾਰ ਕਰਦਾ ਹੈ। ਇਹ ਮੁੱਖ ਤੌਰ 'ਤੇ ਅਨੰਦਦਾਇਕ ਹੁੰਦੀ ਹੈ। ਸੁਰੀਲਾ ਗਲਾ ਕੁਦਰਤੀ ਨਿਆਮਤ ਹੈ, ਬੌਧਿਕਤਾ ਨਾਲ ਨਾ ਇਹ ਰਸੀਲਾ ਬਣ ਸਕਦਾ ਹੈ ਅਤੇ ਨਾ ਹੀ ਬਣਾਇਆ ਜਾ ਸਕਦਾ ਹੈ।

ਭਗਵਾਨ ਕ੍ਰਿਸ਼ਨ ਨੇ ਨਾਰਦ ਨੂੰ ਕਿਹਾ ਸੀ - ਮੈਂ ਨਾ ਤਾਂ ਬੈਕੁੰਠ ਵਿਚ ਰਹਿੰਦਾ ਹਾਂ ਨਾ ਜੋਗੀਆਂ ਦੇ ਹਿਰਦੇ ਵਿਚ ਹੀ, ਪ੍ਰੰਤੂ ਮੈਂ ਉਥੇ ਰਹਿੰਦਾ ਹਾਂ ਜਿਥੇ ਮੇਰੇ ਭਗਤ ਲੋਕ ਸੰਗੀਤ ਦੀ ਚਰਚਾ ਕਰਦੇ ਹਨ।

ਏਸੇ ਤਰ੍ਹਾਂ ਸ਼ੇਕਸਪੀਅਰ ਨੇ ਕਿਹਾ - The man that has no music in himself ............... let no such man be trusted. ਇਹੋ ਵਿਚਾਰ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ।

ਹਰਿਮੰਦਰ ਸਾਹਿਬ ਦਾ ਸੰਗੀਤ ਸਿੱਖ ਗੁਰੂ ਸਾਹਿਬਾਨ ਦੀ ਮਹਾਨ ਦੇਣ ਹੈ। ਅਨੂਪ ਰਾਮਦਾਸਪੁਰ ਵਿਚ ਸਥਾਪਿਤ ਸਿੱਖੀ ਦੇ ਇਸ ਮਹਾਨ ਕੇਂਦਰ ਦੀ ਧਰਮ, ਦਰਸ਼ਨ ਅਤੇ ਸਾਹਿਤਕ ਦੇਣ ਵਿਦਵਾਨਾਂ ਦੇ ਅਧਿਐਨ ਦਾ ਕੇਂਦਰ ਬਿੰਦੂ ਬਣੀ ਰਹੀ ਹੈ। ਹਰਿਮੰਦਰ ਦੇ ਸੰਗੀਤ ਦਾ ਮੰਤਵ ਆਮ ਸੰਗੀਤ ਨਾਲੋਂ ਅਸਾਧਾਰਣ ਹੋਣ ਕਾਰਨ ਵੱਖਰੀ ਪਹਿਚਾਣ ਰੱਖਦਾ ਹੈ।

ਅਫ਼ਸੋਸ ਇਸ ਨੁਕਤੇ ਤੋਂ ਇਸ ਦਾ ਅਧਿਐਨ ਨਹੀਂ ਕੀਤਾ ਗਿਆ। ਇਸ ਦੇ ਕੁਝ ਸਪਸ਼ਟ ਕਾਰਨ ਧਿਆਨ ਗੋਚਰ ਹੁੰਦੇ ਹਨ। ਕੁਝ ਵਿਦਵਾਨਾਂ ਨੇ ਤਾਂ ਇਸ ਨੂੰ ਭਾਰਤੀ ਸੰਗੀਤ ਦੇ ਅੰਤਰਗਤ ਰੱਖਦਿਆਂ ਇਸ ਦੇ ਮਹੱਤਵ ਨੂੰ ਗੌਣ ਰੂਪ ਦਿੱਤਾ ਅਤੇ ਕੁਝ ਵਿਦਾਵਨਾਂ ਨੇ ਇਸ ਨੂੰ ਭਗਤੀ ਸੰਗੀਤ ਦਾ ਹੀ ਇਕ ਹਿੱਸਾ ਮੰਨ ਲਿਆ ਹੈ।

ਇਹ ਇਕ ਉਹੋ ਜਿਹੀ ਹੀ ਬੱਜਰ ਭੁੱਲ ਹੈ, ਜਿਸ ਅਧੀਨ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਭਗਤੀ ਲਹਿਰ ਦੇ ਸੰਤਾਂ ਦੀ ਪਾਲ ਵਿਚ ਬਰਾਬਰ ਖੜੇ ਕਰਨਾ। ਇਸ ਪੱਖੋਂ ਸਿੱਖ ਵਿਦਵਾਨ, ਰਾਗੀ ਤੇ ਰਬਾਬੀ ਵੀ ਦੋਸ਼ਮੁਕਤ ਨਹੀਂ ਆਖੇ ਜਾ ਸਕਦੇ, ਜਿਨ੍ਹਾਂ ਨੇ ਇਸ ਪੱਖ ਵੱਲ ਨਾ ਲੋੜੀਂਦਾ ਧਿਆਨ ਦਿੱਤਾ ਅਤੇ ਨਾ ਹੀ ਦਿਵਾਇਆ।

ਪ੍ਰਸਤੁਤ ਪਰਚੇ ਦਾ ਪ੍ਰੇਰਣਾ ਸਰੋਤ ਸ. ਨਰਿੰਦਰ ਸਿੰਘ 'ਸੋਚ' ਦਾ ਲੇਖ 'ਹਰਿਮੰਦਰ ਬੋਲਦਾ ਹੈ' ਬਣਿਆ ਜਿਸ ਵਿਚ ਵਿਦਾਵਨ ਲੇਖਕ ਨੇ ਹਰਿਮੰਦਰ ਸਾਹਿਬ ਦੇ ਸੰਗੀਤ ਦੇ ਸੰਚਾਰਭਾਵ ਨੂੰ ਉਜਾਗਰ ਕਰਨ ਦਾ ਉਪਰਾਲਾ ਕੀਤਾ ਹੈ।

ਹਰਿਮੰਦਰ ਸਾਹਿਬ ਦਾ ਸੰਗੀਤ ਗੁਰੂ ਨਾਨਕ ਦੇਵ ਜੀ ਦੀ ਸਿਰਜੀ 'ਗੁਰਮਤਿ ਸੰਗੀਤ' ਪੱਧਤੀ ਦੇ ਅੰਤਰਗਤ ਆਉਂਦਾ ਹੈ, ਭਾਵੇਂ ਇਸ ਸੰਗੀਤ ਦੀ ਤਕਨੀਕੀ ਪੱਧਰ ਤੇ ਮੂਲ ਚੂਲ ਭਾਰਤੀ ਸੰਗੀਤ ਵਾਲੀ ਹੀ ਹੈ, ਪਰ ਵਿਕਸਿਤ ਹੋ ਕੇ ਇਹ ਆਪਣੇ ਵਿਸ਼ੇਸ਼ ਗੁਣਾਂ ਸਦਕਾ ਅਤੇ ਵਿਲੱਖਣ ਪਰੰਪਰਾਵਾਂ ਕਾਰਨ ਸੁਤੰਤਰ ਪੱਧਤੀ ਦਾ ਰੂਪ ਧਾਰਨ ਕਰ ਗਿਆ ਹੈ।

ਹਰਿਮੰਦਰ ਸਾਹਿਬ ਦੇ ਸੰਗੀਤ ਦਾ ਸੰਚਾਰ ਰੂਪ, ਸੰਚਾਰ-ਸੁਭਾਅ, ਸੰਚਾਰ ਪ੍ਰਭਾਵ ਅਤੇ ਸੰਚਾਰ ਮੰਤਵ, ਭਾਰਤੀ ਸੰਗੀਤ ਨਾਲੋਂ ਅੱਡਰਾ ਹੈ। ਇਹ ਸੰਗੀਤ ਮਨ ਪਰਚਾਵਾ ਨਹੀਂ, ਸਗੋਂ ਆਤਮਾ ਨੂੰ ਪਰਮਾਤਮਾ ਨਾਲ ਇਕ ਸੁਰ ਕਰਨ ਦਾ ਸਾਧਨ ਹੈ। ਇਸ ਸੰਗੀਤ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਧੁਰ ਕੀ ਬਾਣੀ, ਬਾਣੀ ਦੇ ਗੁਹਜ ਅਰਥ ਭਾਵ ਪ੍ਰਗਟਾਉਣ ਵਾਲੀਆਂ ਭਾਈ ਗੁਰਦਾਸ ਜੀ ਦੀਆਂ ਵਾਰਾਂ, ਦਸਮ ਪਿਤਾ ਦੀ ਅਧਿਆਤਮਕ ਰਚਨਾ ਅਤੇ ਭਾਈ ਨੰਦ ਲਾਲ ਜੀ ਦੀਆਂ ਗਜ਼ਲਾਂ ਹਨ।

ਇਥੋਂ ਦਾ ਗਾਵਣਹਾਰਾ ਨਾ ਸ਼ਬਦ ਭੇਟ ਦੀ ਅਰਦਾਸ

ਕਰ ਸਕਦਾ ਹੈ, ਨਾ ਵਿਆਖਿਆ ਅਤੇ ਨਾ ਹੀ ਸਟੇਜਾਂ ਵਾਂਗੂ ਕੋਈ ਜ਼ਰੂਰੀ ਸੂਚਨਾ ਹੀ ਦੇ ਸਕਦਾ ਹੈ। ਇਥੇ ਗੁਰਬਾਣੀ ਕੀਰਤਨ, ਅਰਦਾਸ ਤੇ ਮਹਾਂਵਾਕ ਤੋਂ ਛੁੱਟ ਕੋਈ ਬਚਨ ਬਿਲਾਸ ਨਹੀਂ ਕੀਤਾ ਜਾ ਸਕਦਾ। ਇਥੋਂ ਤਕ ਕਿ ਅਰਦਾਸ ਉਪਰੰਤ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਦਾ ਜੈਕਾਰਾ ਛੱਡਣ ਦੀ ਪਰੰਪਰਾ ਵੀ ਨਹੀਂ।

ਸੰਗੀਤ ਗੁਰਬਾਣੀ ਨੂੰ ਸਮਝਣ ਤੋਂ ਸਮਝਾਉਣ ਦੀ ਨਿਗਰ ਸੰਚਾਰ ਜੁਗਤ ਹੈ। ਬਾਣੀ ਦੀ ਬਹੁਤੀ ਸਮਝ ਸੰਗੀਤ ਰਾਹੀਂ ਆਉਂਦੀ ਹੈ। ਗੁਰਮਤਿ ਸੰਗੀਤ ਨਿਰੋਲ ਜੀਵਨ ਜਾਚ ਸਿੱਖਣ ਦਾ ਸਾਧਨ ਹੈ। ਮੂਲ ਰੂਪ ਵਿਚ ਇਹ ਮਾਇਆ ਮੁਖੀ ਕਲਾ ਨਹੀਂ। ਇਹ ਮਨੁੱਖੀ ਮਨ ਵਿਚ ਚੰਚਲਤਾਈ ਦਾ ਨਿਰੋਧ ਕਰਕੇ ਟਿਕਾਓ ਪ੍ਰਦਾਨ ਕਰਨ ਵਾਲਾ ਹੁੰਦਾ ਹੈ। ਜਿਸ ਤਰ੍ਹਾਂ ਮਠਿਆਈ ਨਾਲ ਭਰਿਆ ਮੂੰਹ ਹੱਸ ਨਹੀਂ ਸਕਦਾ, ਇਸੇ ਤਰ੍ਹਾਂ ਗਾਉਣ ਸਮੇਂ ਮਾਨਵ ਮਨ ਦੀ ਭਟਕਣਾ ਰੁਕ ਜਾਂਦੀ ਹੈ।

ਦਿਮਾਗ ਦੇ ਇਕ ਪ੍ਰਸਿੱਧ ਸਰਜਨ ਡਾ. ਐਕਲਸ ਦਾ ਮੱਤ ਇਸ ਪ੍ਰਸੰਗ ਵਿਚ ਵਧੇਰੇ ਧਿਆਨ ਦੀ ਮੰਗ ਕਰਦਾ ਹੈ - Virtually all human activities are controlled by the left side of the brain. The right side of the brain is dormant except for one and only one activity is "music" .......... Turmoils of the mind caused by Kaam, Krodha, Lobha, Moh and Ahankar which are on the left side of the brain becomes dormant and the right side of brain stimulated by this music starts swaying the mind. Due to transcendental nature of music Ego Surrender and indentify with the object of worship becomes possible. All the Rasas and Bhawa of the Raga have one common ingredient and that is love, or what we commonyly call Prem Bhavana. The noblest human emotion and emotion which shuns evil and nurtures virtue.""

ਮਨੋਵਿਗਿਆਨੀਆਂ ਦਾ ਮਤ ਹੈ ਕਿ ਧਰਮ ਤੇ ਸੰਗੀਤ ਦਾ ਇਹ ਬੁਨਿਆਦੀ ਗੁਣ ਹੁੰਦਾ ਹੈ ਕਿ ਧਰਮ ਮਾਨਵ ਦੀ ਪਸ਼ੂ ਬਿਰਤੀ ਵਿਚ ਤਬਦੀਲੀ ਲਿਆ ਕੇ ਉਸ ਦੀ ਸੋਚ ਨੂੰ ਸੂਖਮ ਬਣਾ ਦਿੰਦਾ ਹੈ ਤੇ ਜੇਕਰ ਧਰਮ ਤੇ ਸੰਗੀਤ ਇਕੱਠੇ ਹੋ ਜਾਣ ਤਾਂ ਜ਼ਰੂਰੀ ਹੈ ਕਿ ਉਹ ਬਹੁਤ ਮਦਦਗਾਰ ਸਾਬਤ ਹੋਣਗੇ।

ਗੀਤਾ ਦੇ ਇਕ ਸਲੋਕ ਅਨੁਸਾਰ ਇੰਦਰੀਆਈ ਸੁਖ ਮਹੱਤਵਪੂਰਨ ਨਹੀਂ ਹੁੰਦੇ, ਮਨ ਨੂੰ ਸੁੱਖ ਦੇਣ ਵਾਲੇ ਸਾਧਨ ਹੀ ਮਹੱਤਤਾ ਵਾਲੇ ਹੁੰਦੇ ਹਨ, ਜਿਸ ਰਾਹੀਂ ਪਰਮਾਤਮਾ ਦਾ ਅਨੁਭਵ ਹੁੰਦਾ ਹੈ। ਕਿਉਂਕਿ ਸੰਗੀਤ ਦਾ ਸ੍ਰੋਤ ਨਾਦ ਹੈ ਅਤੇ ਨਾਦ ਦੀ ਪਰਮ ਅਵਸਥਾ ਪ੍ਰਾਪਤ ਹੁੰਦੀ ਹੈ ਅਤੇ ਇਹ ਧਰਮ, ਅਰਥ, ਕਾਮ, ਮੋਖ ਦੀ ਪ੍ਰਾਪਤੀ ਦਾ ਸਾਧਨ ਵੀ ਹੈ।

ਸਕਾਟ ਸਿਰਲ ਤਾਂ ਸੰਗੀਤ ਨੂੰ ਮਨੁੱਖ ਤੇ ਪਰਮਾਤਮਾ ਵਿਚਕਾਰ ਸੰਚਾਰ ਦਾ ਸਾਧਨ ਮੰਨਦਿਆਂ ਕਹਿੰਦਾ ਹੈ - Melody is the cry of man to God, harmony is the answer of God to man.

ਗਾਯਨ, ਵਾਦਨ ਤੇ ਨ੍ਰਿਤ ਨੂੰ ਸੰਗੀਤ ਦੇ ਅਧੀਨ ਰੱਖਣ ਦੀ ਰੁਚੀ ਅਜੇ ਵੀ ਜਾਗੀ ਹੈ। ਪਰ ਪ੍ਰਭੂ ਭਗਤੀ ਦੇ ਜਸ ਗਾਇਨ ਲਈ ਗਾਯਨ ਨੂੰ ਹੀ ਸਰਵੋਤਮ ਮੰਨਿਆ ਗਿਆ ਹੈ। ਜਿਸ ਤਰ੍ਹਾਂ ਭਗਤੀ ਜਾਂ ਪੂਜਾ ਦੇ ਸੰਕਲਪ ਵਖ ਵਖ ਧਰਮਾਂ ਵਿਚ ਭਿੰਨ ਭਿੰਨ ਹੁੰਦੇ ਹਨ। ਇਸੇ ਤਰ੍ਹਾਂ ਭਗਤੀ ਸੰਗੀਤ ਵੀ ਵੱਖਰਾ ਹੁੰਦਾ ਹੈ। ਪ੍ਰਾਚੀਨ ਕਾਲ ਵਿਚ ਤਾਂ ਜਾਤ ਪਾਤ ਤੇ ਊਚ-ਨੀਚ ਦੀਆਂ ਚੌੜੀਆਂ ਖਾਈਆਂ ਨੇ ਭਗਤੀ ਸੰਗੀਤ ਨੂੰ ਥੋੜੇ ਵਰਗ ਤਕ ਸੀਮਤ ਕੀਤਾ ਹੋਇਆ ਸੀ, ਪਰ ਮੱਧ ਕਾਲੀਨ ਦੇ ਸੰਤਾਂ ਨੇ ਹਿੰਦੂ ਕੱਟੜਵਾਦ ਵਿਰੁੱਧ ਵੱਖਰੀਆਂ ਵੱਖਰੀਆਂ ਧਾਰਮਿਕ ਲਹਿਰਾਂ ਚਲਾਈਆਂ ਅਤੇ ਜਨ ਕਲਿਆਣ ਲਈ ਰਾਗਬੱਧ ਰਚਨਾ ਕੀਤੀ। ਇਥੋਂ ਤਕ ਕਿ ਇਸਲਾਮ ਦੇ ਕੱਟੜਪੁਣੇ ਵਿਰੁੱਧ ਵੀ ਸੂਫੀ ਸੰਤਾਂ ਨੇ ਸੰਗੀਤ ਦੇ ਮਾਧਿਅਮ ਰਾਹੀਂ ਪਰਮਾਤਮਾ ਨਾਲ ਸਿੱਧੀ ਗੰਢਣ ਦਾ ਰਾਹ ਅਪਣਾ ਲਿਆ, ਪਰ ਇਹ ਇਸ ਧਾਰਮਿਕ ਸੰਗੀਤ ਨੂੰ ਸੰਸਥਾਗਤ ਰੂਪ ਨਾ ਦੇ ਸਕੇ।

ਇਹ ਸਿਹਰਾ ਸਿੱਖ ਗੁਰੂ ਸਾਹਿਬਾਨ ਦੇ ਸਿਰ ਬੱਝਾ ਜਿਨ੍ਹਾਂ ਨੇ ਨਵਧਾ ਭਗਤੀ ਵਿਚੋਂ ਕੀਰਤਨ ਨੂੰ ਪ੍ਰਧਾਨਤਾ ਦਿੰਦਿਆਂ 'ਗੁਰਮਤਿ ਸੰਗੀਤ' ਦੀ ਨੀਂਹ ਰੱਖੀ। ਅੱਜ ਇਹੋ 'ਗੁਰਮਤਿ ਸੰਗੀਤ' ਦਾ ਨਾਦ ਹਰਿਮੰਦਰ ਸਾਹਿਬ ਦੇ ਚੌਫੇਰ ਬਾਣੀ ਦੀ ਅੰਮ੍ਰਿਤ ਵਰਖਾ ਕਰਦਿਆਂ 'ਬ੍ਰਹਮ ਸੰਦੇਸ਼' ਸਿਰਜਦਾ ਹੈ।

ਸਿੱਖ ਗੁਰੂ ਸਾਹਿਬਾਂ ਨੇ ਸੰਗੀਤ ਨੂੰ 'ਸ਼ਬਦ ਕੀਰਤਨ' ਦੀ ਪਰਿਭਾਸ਼ਾ ਦਿੰਦਿਆਂ ਇਸ ਨੂੰ ਨਵੇਂ ਅਰਥਾਂ ਦੇ ਸੰਦਰਭ

ਵਿਚ ਰੱਖ ਕੇ ਨਵੇਂ ਮੁਹਾਵਰੇ ਵਿਚ ਪੇਸ਼ ਕੀਤਾ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਕਾਲੀ ਧਾਰਮਿਕ ਸੰਗੀਤ ਦਾ ਡੂੰਘਾ ਅਧਿਐਨ ਕੀਤਾ ਹੋਇਆ ਸੀ। ਉਹ ਰਾਗ ਵਿੱਦਿਆ ਦੇ ਗਹਿਰ ਗੰਭੀਰ ਪ੍ਰਭਾਵ ਤੋਂ ਚੰਗੀ ਤਰ੍ਹਾਂ ਜਾਣੂ ਸਨ। ਰਾਗ ਦੀ ਵਿਸ਼ੇਸ਼ਤਾ ਹੈ ਕਿ ਇਹ ਸੁਰ ਤੇ ਵਰਣ ਨਾਲ ਸੁਸ਼ੋਭਿਤ ਹੋ ਕੇ ਸੁਣਨ ਵਾਲਿਆਂ ਦੇ ਮਨ ਵਿਚ ਹੁਲਾਸ ਪੈਦਾ ਕਰ, ਉਨ੍ਹਾਂ ਨੂੰ ਪ੍ਰਸੰਨਚਿਤ ਕਰ ਦਿੰਦਾ ਹੈ।

ਇਹ ਆਨੰਦਮਈ ਹੋਣ ਕਾਰਨ, ਲੋਕ ਮਾਨਸ ਦੀ ਚੇਤਨਾ ਉਤੇ ਮਾੜੇ ਚੰਗੇ ਪ੍ਰਭਾਵ ਅੰਕਿਤ ਕਰਦਾ ਹੈ, ਇਸੇ ਲਈ ਉਨ੍ਹਾਂ ਨੇ ਗੁਰਮਤਿ ਸੰਗੀਤ ਨੂੰ ਉਨ੍ਹਾਂ ਹਨੇਰੇ ਪੱਖਾਂ ਤੋਂ ਮੁਕਤ ਰੱਖਿਆ, ਜੋ ਲੋਕ ਮਾਨਸ ਦੀਆਂ ਬਿਰਤੀਆਂ, ਪ੍ਰਭੂ ਨਾਲ ਜੋੜਨ ਦੀ ਥਾਂ ਤੋੜਨ ਦਾ ਕਾਰਨ ਬਣ ਸਕਦੀਆਂ ਹੋਣ।

ਇਹੋ ਕਾਰਨ ਹੈ ਕਿ ਸ਼ਬਦ ਕੀਰਤਨ ਸਮੇਂ ਸੰਗੀਤ ਦੇ ਖੰਭ ਮਾਨਵ ਮਨ ਨੂੰ ਅਧਿਆਤਮਕ ਮੰਡਲ ਦੀਆਂ ਉਡਾਰੀਆਂ ਲਗਾਉਂਦੇ ਹਨ। ਕੁਝ ਵਿਦਵਾਨ ਤਾਂ ਭਗਤੀ ਸੰਗੀਤ ਤੇ ਸ਼ਬਦ ਕੀਰਤਨ ਨੂੰ ਰਲਗੱਡ ਕਰਨ ਦੀ ਭੁੱਲ ਵੀ ਕਰ ਦਿੰਦੇ ਹਨ। ਪਰ ਭਗਤੀ ਸੰਗੀਤ ਵਿਚ ਕੇਵਲ ਪ੍ਰਭੂ ਭਗਤੀ ਹੀ ਹੁੰਦੀ ਹੈ ਜਦੋਂ ਕਿ ਸ਼ਬਦ ਕੀਰਤਨ ਦੁਆਰਾ ਪ੍ਰਭੂ ਜਸ ਕੀਤਾ ਜਾਂਦਾ ਹੈ ਅਤੇ ਇਸ ਕਾਰਜ ਵਿਚ ਸੰਗਤ ਵੀ ਜੁੜ ਜਾਂਦੀ ਹੈ।

ਸਮੁੱਚੀ ਗੁਰਬਾਣੀ ਗਾਉਣ ਯੋਗ ਹੋਣ ਕਾਰਨ 'ਗੀਯ' ਪਦ ਅਧੀਨ ਆਉਂਦੀ ਹੈ। 'ਗੀਯ ਰਸ' ਅਥਵਾ 'ਸੰਗੀਤ ਰਸ: ਮਾਨਵ ਵਿਅਕਤੀਤਵ ਦੇ ਪ੍ਰਗਟਾਉ ਦਾ ਜ਼ਰੂਰੀ ਹਿੱਸਾ ਹੁੰਦਾ ਹੈ। ਇਸ ਦਾ ਰੂਪ ਨਾਦਮਈ ਹੋਣ ਕਾਰਨ ਹਰ ਵਿਅਕਤੀ ਇਸ ਤੋਂ ਭਿਜ ਹੁੰਦਾ ਹੈ। ਇਸ 'ਨਾਦ' ਦੇ ਮਾਧਿਅਮ ਰਾਹੀਂ ਹੀ ਖੁਸ਼ੀ, ਗਮੀ, ਆਸਾ, ਨਿਰਾਸਾ, ਹਰਖ, ਸੋਗ ਨੂੰ ਅਭਿਵਿਅਕਤੀ ਦਿੱਤੀ ਜਾਂਦੀ ਹੈ।

ਡਾ. ਗੌਤਮ ਦਾ ਵਿਚਾਰ ਹੈ 'ਨਾਦਮਈ ਪ੍ਰਗਟਾਉ ਐਸਾ ਸੂਖਮ ਤੇ ਤਰਲ ਹੁੰਦਾ ਹੈ ਕਿ ਉਸਦਾ ਗੂੜ੍ਹਾ ਰਿਸ਼ਤਾ ਦਿਲ ਦੇ ਚਾਵਾਂ ਤੇ ਵਿਲਕਣੀ ਨਾਲ ਆਪੂੰ ਹੋ ਜਾਂਦਾ ਹੈ । ਚਾਉ ਦਿਲੀ ਖੁਸ਼ੀ ਦਾ ਤਰਲ ਰੂਪ ਹੈ। ਤਰਲ ਰੂਪ ਇਨ੍ਹਾਂ ਖੁਸ਼ੀਆਂ ਗਮੀਆਂ ਨੂੰ ਰਾਗ ਵਰਗੀ ਸੂਖਮ ਕਲਾ ਹੀ ਪ੍ਰਗਟਾਉਣ ਵਿਚ ਸਮਰਥ ਹੁੰਦੀ ਹੈ। ਇਹੋ ਕਾਰਨ ਹੈ ਕਿ ਵਿਸ਼ਵ ਦਾ ਭਗਤੀ ਕਾਵਿ ਆਮ ਤੌਰ 'ਤੇ ਰਾਗਾਤਮਕ ਹੈ ਜਿਸ ਨੂੰ ਅਸੀਂ ਰਹੱਸਮਈ ਆਖੀਏ ਜਾਂ ਮਿਸਟੀਕਲ। ਕਿਉਂਕਿ ਪ੍ਰਭੂ ਇਸ਼ਕ ਵਿਚ ਰਤਾ ਸਾਧਕ, ਆਪਣੀ ਬਿਹਬਲਤਾ, ਨਿਮਰਤਾ, ਹਲੀਮੀ ਅਤੇ ਮਨਬਚਨੀ ਨੂੰ ਜਦ ਵਿਅਕਤ ਕਰਨਾ ਲੋੜਦਾ ਹੈ ਤਾਂ ਉਸ ਯਤਨ ਵਿਚ ਸੰਗੀਤ ਦੇ ਸਵਰ ਉਨ੍ਹਾਂ ਦਾ ਮਾਧਿਅਮ ਬਣ ਨਿਬੜਦੇ ਹਨ। ਇਸ ਤਰ੍ਹਾਂ ਅਨਹਦ ਨਾਦ ਦੀ ਇਹ ਗੂੰਜ ਪਰਮ ਸਤਾ ਨਾਲ ਜੁੜਨ ਲਈ ਮਾਨਵ ਸਾਜ਼ ਨੂੰ ਸੁਰ ਕਰਕੇ ਬ੍ਰਹਮੰਡੀ ਸੰਗੀਤ ਪੈਦਾ ਕਰਦੀ ਹੈ।

ਉਪਰੋਕਤ ਤੱਥਾਂ ਦੇ ਸਨਮੁਖ "ਹਰਿਮੰਦਰ ਸਾਹਿਬ ਦੇ ਸੰਗੀਤ ਸੰਦੇਸ਼ ਦੇ ਹੇਠ ਲਿਖੇ ਨੁਕਤੇ ਉਭਰਦੇ ਹਨ:

1) ਹਰਿਮੰਦਰ ਸਾਹਿਬ ਦਾ ਸੰਗੀਤ ਗੁਰੂ ਨਾਨਕ ਦੇਵ ਜੀ ਦੇ ਕਾਲ ਤੋਂ ਭਾਈ ਮਰਦਾਨੇ ਦੀ ਰਬਾਬ ਦੀ ਮਿੱਠੀ ਸੁਰ ਨਾਲ ਆਰੰਭ ਹੋਏ ਸੰਗੀਤ ਦਾ ਹੀ ਪਸਾਰ ਹੈ। ਭਾਈ ਮਰਦਾਨੇ ਦੇ ਦੋ ਰਬਾਬੀ ਸ਼ਿਸ਼ ਭਾਈ ਬਾਦੂ ਤੇ ਦਾਦ, ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਕੀਰਤਨ ਰਾਹੀ ਬਾਣੀ ਦਾ ਸੰਦੇਸ਼ ਸੰਚਾਰਦੇ ਰਹੇ। ਉਪਰੰਤ ਇਨ੍ਹਾਂ ਦੇ ਸਪੁੱਤਰ ਭਾਈ ਸੱਤਾ ਤੇ ਬਲਵੰਡ ਗੁਰੂ ਰਾਮ ਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਕੀਰਤਨ ਕਰਦੇ ਰਹੇ।

2) ਹਰਿਮੰਦਰ ਸਾਹਿਬ ਦੀ ਹਜ਼ੂਰੀ ਵਿਚ ਕੀਰਤਨ ਕਰਨ ਵਾਲਾ ਪਹਿਲਾ ਰਬਾਬੀ ਜਥਾ ਭਾਈ ਸੱਤਾ ਬਲਵੰਡ ਸੀ।

3) ਹਰਿਮੰਦਰ ਸਾਹਿਬ ਦਾ ਸੰਗੀਤ ਮਨੁੱਖ ਨੂੰ ਹਲਤ ਸੁੱਖ ਪਲਤ ਸੁਖ ਅਤੇ ਅਧਿਆਤਮਕ ਅਨੰਦ ਪ੍ਰਦਾਨ ਕਰਨ ਵਾਲਾ ਸਾਧਨ ਹੈ।

4) ਹਰਿਮੰਦਰ ਸਾਹਿਬ ਸੰਗੀਤ, ਤਕਨੀਕੀ ਪੱਖ ਨਾਲੋਂ ਭਾਵ ਅਰਥ ਅਤੇ ਦਾਰਸ਼ਨਿਕ ਮੰਤਵ ਦੇ ਪ੍ਰਗਟਾਉ ਨੂੰ ਪ੍ਰਾਥਮਿਕਤਾ ਦਿੰਦਾ ਹੈ।

5) ਇਸ ਸੰਗੀਤ ਦੀ ਪ੍ਰਧਾਨ ਸੁਰ ਤੇ ਰਾਗ ਚੋਣ ਵਿਸ਼ੇ ਦੇ ਪ੍ਰਗਟਾਉ ਅਨੁਕੂਲ ਹੁੰਦੀ ਹੈ।

6) ਇਹ ਪਰੰਪਰਾਗਤ ਮੁਕਤੀ ਦਾ ਸਾਧਨ ਨਹੀਂ, ਸਗੋਂ ਬ੍ਰਹਮ ਗਿਆਨ ਦੀ ਅਨੁਭੂਤੀ ਕਰਾ ਕੇ ਜੀਵਨ ਮੁਕਤ ਪ੍ਰਾਪਤੀ ਦਾ ਕਾਰਜ ਕਰਦਾ ਹੈ।

7) ਇਸ ਮਾਰਗ ਦੇ ਧਾਰਨੀ ਨੂੰ (ਰਾਗੀ, ਰਬਾਬੀ) ਇਕੋ ਸਮੇਂ ਦਰਸ਼ਨਕਾਰ ਅਤੇ ਸੰਗੀਤਕਾਰ ਹੋਣਾ ਲੋੜੀਂਦਾ ਹੈ। ਉਸ ਵਿਚ ਨਿਰਹੰਕਾਰਤਾ ਅਤੇ ਦਇਆ ਦੇ ਸ਼ੁਭ ਗੁਣ ਹੋਣੇ ਜ਼ਰੂਰੀ ਹਨ। ਕਿਉਂਕਿ ਹੰਕਾਰੀ ਵਿਦਵਾਨ ਕਲਾਕਾਰ, ਮੰਤਵ ਸਿੱਧੀ ਕਾਰਜ ਨਹੀਂ ਕਰ ਸਕਦਾ। ਇਸ ਪੱਖੋਂ ਭਾਈ ਮੁਨਸ਼ਾ ਸਿੰਘ ਦੀ ਮਿਸਾਲ ਸਦਾ ਯਾਦ ਰੱਖਣ ਦੀ ਲੋੜ ਹੈ।

8) ਇਸ ਸੰਗੀਤ ਵਿਚ ਪ੍ਰਾਥਮਿਕਤਾ ਸ਼ਬਦ ਭਾਵ ਦੀ ਰੱਖੀ ਜਾਂਦੀ ਹੈ। ਸੰਗੀਤ ਕਲਾ ਦਾ ਵਿਖਾਵਾ ਕਰਨ ਦੀ ਥਾਂ ਸ਼ਬਦ ਦੇ ਭਾਵ ਸੰਚਾਰ ਲਈ ਵਧੇਰੇ ਬਲ ਦਿੱਤਾ ਜਾਂਦਾ ਹੈ।

9) ਇਹ ਸੰਗੀਤ ਮਨ ਪ੍ਰਚਾਵੇ ਦਾ ਸਾਧਨ ਨਹੀਂ, ਸਗੋਂ ਬ੍ਰਹਮ ਨਾਲ ਜੁੜਨ ਦੀ ਜੁਗਤ ਹੈ।

10) ਇਸ ਸੰਗੀਤ ਵਿਚ ਰਾਗ ਚੋਣ, ਸ਼ਬਦ ਭਾਵ ਅਨੁਸਾਰ ਵਾਯੂ ਮੰਡਲ ਪੈਦਾ ਕਰਨ ਦੀ ਹਦਾਇਤ ਹੈ।

11) ਹਰਿਮੰਦਰ ਸਾਹਿਬ ਦੇ ਸੰਗੀਤ ਸੰਦੇਸ਼ ਵਿਚ 'ਕੀਰਤਨ ਚੌਕੀਆਂ' ਦੀ ਪਰੰਪਰਾ ਹੈ। ਭਾਈ ਕਾਨ੍ਹ ਸਿੰਘ ਨਾਭਾ ਚਾਰ ਚੌਕੀਆਂ ਦਾ ਜ਼ਿਕਰ ਕਰਦੇ ਹਨ। ਜਦੋਂ ਕਿ ਭਾਈ ਵੀਰ ਸਿੰਘ ਜੀ ਨੇ ਪੰਜ ਚੌਕੀਆਂ ਦਰਸਾਈਆਂ ਹਨ। ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਸਾਬਕਾ ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਪ੍ਰਸਿਧ ਰਾਗੀ ਭਾਈ ਹਰੀ ਸਿੰਘ ਜੀ ਦੇ ਦੱਸਣ ਅਨੁਸਾਰ ਅੱਜ ਕਲ੍ਹ ਪੰਦਰਾਂ ਚੌਕੀਆਂ ਦੀ ਪਰੰਪਰਾ ਹੈ।

ਦਰਸਤੂਰਉਲ ਅਮਲ ਸ੍ਰੀ ਦਰਬਾਰ ਸਾਹਿਬ ਅਨੁਸਾਰ ਵੀ 15 ਚੌਕੀਆਂ ਦੀ ਪਰੰਪਰਾ ਹੈ। ਜਿਸ ਵਿਚੋਂ 8 ਚੌਕੀਆਂ ਰਬਾਬੀ ਸਿੰਘ ਗਾਉਂਦੇ ਸਨ ਅਤੇ 7 ਰਾਗੀ ਸਿੰਘ। "ਚੌਕੀ' ਕੀਰਤਨੀ ਜਥੇ ਨੂੰ ਆਖਿਆ ਹੈ, ਜਿਸ ਵਿਚ ਘੱਟੋ ਘੱਟ ਚਾਰ ਗਵਈਏ ਹੋਇਆ ਕਰਦੇ ਸਨ, ਪਰ ਅੱਜ ਕਲ੍ਹ ਹਰਿਮੰਦਰ ਸਾਹਿਬ ਵਿਚ ਤੰਤੀ ਸਾਜ਼ ਦੇ ਵਜੰਤਰੀ ਘੱਟ ਹੋਣ ਕਾਰਨ ਤਿੰਨ ਸਿੰਘਾਂ ਨਾਲ ਕੰਮ ਚਲਾਇਆ ਜਾ ਰਿਹਾ ਹੈ।

12) ਹਰ ਚੌਕੀ ਦੇ ਆਰੰਭ ਵਿਚ ਪਹਿਲਾ ਸ਼ਬਦ ਸਮੇਂ ਅਨੁਸਾਰ ਨਿਰਧਾਰਤ ਰਾਗ ਵਿਚ ਗਾਉਣ ਦੀ ਪਰੰਪਰਾ ਹੈ, ਪਰ ਅੱਜ ਕਲ੍ਹ ਸਾਰੇ ਰਾਗੀ ਜਥਿਆਂ ਲਈ ਇਸ ਦੀ ਪਾਲਣਾ ਕਰਨਾ ਸੰਭਵ ਨਹੀਂ।

13) ਆਪਣੀਆਂ ਵਿਲੱਖਣ ਪਰੰਪਰਾਵਾਂ ਕਾਰਨ ਇਥੇ ਸ਼ਾਮ ਸਮੇਂ 'ਸੋਦਰੁ ਤੇਰਾ ਕੇਹਾ' ਆਸਾ ਰਾਗ ਵਿਚ ਗਾਉਣ ਦੀ ਪਰੰਪਰਾ ਹੈ।

14) ਇਥੇ ਗਰਮੀਆਂ ਵਿਚ 20 ਅਤੇ ਸਰਦੀਆਂ ਵਿਚ 18 ਘੰਟੇ ਅਖੰਡ ਕੀਰਤਨ ਹੁੰਦਾ ਹੈ।

15) ਭਾਵੇਂ ਚੌਕੀਆਂ ਦੀ ਗਿਣਤੀ 15 ਹੋ ਗਈ ਹੈ। ਪਰ ਅਰਦਾਸ ਕੇਵਲ ਪੰਜ ਚੌਕੀਆਂ 1. ਆਸਾ ਦੀ ਵਾਰ ਦੀ ਚੌਕੀ, 2. ਆਨੰਦ ਦੀ ਚੌਕੀ, 3. ਚਰਨ ਕੰਵਲ ਦੀ ਚੌਕੀ, 4. ਸੋਦਰੁ ਦੀ ਚੌਕੀ, 5. ਕੀਰਤਨ ਸੋਹਿਲੇ ਦੀ ਚੌਕੀ ਉਪਰੰਤ ਹੀ ਕੀਤੀ ਜਾਂਦੀ ਹੈ ਅਤੇ ਪ੍ਰਸ਼ਾਦਿ ਵਰਤਾਇਆ ਜਾਂਦਾ ਹੈ।

16) ਹਰਿਮੰਦਰ ਸਾਹਿਬ ਦੇ ਸੰਗੀਤ ਦਾ ਸਬੰਧ 1. ਸ਼ਿਵਮਤ, 2. ਹਨੂਵੰਤ ਮਤ, 3. ਭਰਤ ਮਤ, 4. ਕਾਲੀ ਨਾਥ ਮਤ ਵਿਚੋਂ ਸਿੱਧਾ ਕਿਸੇ ਨਾਲ ਵੀ ਨਹੀਂ ਜੁੜਦਾ। ਸਗੋਂ ਆਪਣੀਆਂ ਵਿਲੱਖਣ ਪਰੰਪਰਾਵਾਂ ਕਾਰਨ ਇਸ ਦੀ ਵੱਖਰੀ ਹੋਂਦ ਉਭਰਦੀ ਹੈ।

17) ਇਸ ਸੰਗੀਤ ਵਿਚ ਰਾਗ, ਰਾਗਣੀ, ਪੁੱਤਰ, ਨੂੰਹ ਵਾਲੀ ਸੰਗੀਤ ਪੱਧਤੀ ਨੂੰ ਪ੍ਰਵਾਨ ਨਹੀਂ ਕੀਤਾ ਗਿਆ, ਸਗੋਂ ਹਰੇਕ ਨੂੰ ਰਾਗ ਮੰਨਿਆ ਗਿਆ ਹੈ। ਇਸ 'ਰਾਗ-ਪ੍ਰਧਾਨ' ਸੰਗੀਤ ਪੱਧਤੀ ਨੂੰ ਆਧੁਨਿਕ ਯੁੱਗ ਵਿਚ ਤਕਨੀਕੀ ਪੱਖ ਤੋਂ ਵੀ ਠੀਕ ਮੰਨਿਆ ਗਿਆ ਹੈ।

18) ਇਸ ਸੰਗੀਤ ਦਾ ਸੰਦੇਸ਼ ਹੈ ਕਿ ਕਿਸੇ ਅਜਿਹੇ ਰਾਗ ਜਾਂ ਲੋਕ ਧੁਨ ਦੀ ਵਰਤੋਂ ਨਾ ਕੀਤੀ ਜਾਵੇ, ਜੋ ਸ਼ਬਦ ਭਾਵ ਕਾਇਮ ਨਾ ਰੱਖ ਸਕੇ ਅਤੇ ਸਰੋਤਿਆਂ ਨੂੰ ਗਿਆਨ ਮਾਰਗ ਤੇ ਤੋਰਨ ਦੀ ਥਾਂ ਹਾਲੋਂ ਬੇਹਾਲ ਕਰਦਿਆਂ ਕੁਮਾਰਗ ਤੇ ਪਾਉਣ ਦਾ ਕਾਰਜ ਕਰੇ। ਕਿਉਂਕਿ ਇਸ ਸੰਗੀਤ ਵਿਚ ਬਾਣੀ ਮੁੱਖ ਹੈ, ਸੰਗੀਤ ਕੇਵਲ ਬਾਣੀ ਦੇ ਪ੍ਰਕਾਸ਼ ਲਈ ਸਹਾਇਕ ਬਣਾ ਕੇ ਵਰਤਣ ਦੀ ਪਰੰਪਰਾ ਹੈ।

19) ਨਿਰਤ ਕਲਾ ਵਿਚ ਅੰਤ੍ਰੀਵ ਭਾਵਾਂ ਦਾ ਘਟ ਤੇ ਨਿਰਤਕਾਰ ਦੇ ਬਾਹਰ ਮੁਖੀ ਹਾਵ ਭਾਵ, ਮੁਦਰਾਵਾਂ ਤੇ ਉਸ ਦੇ ਰੂਪ ਦਾ ਪ੍ਰਭਾਵ ਵਧੇਰੇ ਪੈਂਦਾ ਹੈ। ਇਸੇ ਕਾਰਨ ਹਰਿਮੰਦਰ ਸਾਹਿਬ ਸੰਗੀਤ, ਬਾਣੀ ਦੇ ਭਾਵ ਪ੍ਰਗਟਾਉ ਲਈ ਨਿਰਤ ਕਲਾ ਨੂੰ ਅਪ੍ਰਵਾਨ ਕਰਦਾ ਹੈ। ਇਹ ਵਿਧੀ ਮਾਨਵ ਮਨ ਨੂੰ ਪ੍ਰਮਾਤਮਾ ਨਾਲ ਜੋੜਨ ਜਾਂ ਆਤਮ ਵਿਲੀਨਤਾ ਵਿਚ ਸਹਾਇਕ ਹੋਣ ਨਾਲੋਂ ਵਿਘਨਕਾਰੀ ਵਧੇਰੇ ਬਣਦੀ ਹੈ।

20) ਹਰਿਮੰਦਰ ਸਾਹਿਬ ਦੇ ਸੰਗੀਤ ਲਈ ਅਰੰਭ ਵਿਚ ਧਰੁਪਦ ਗਾਇਨ ਸ਼ੈਲੀ ਦੀ ਹੀ ਪ੍ਰਧਾਨਤਾ ਸੀ। ਪਰ ਸਮਾਂ ਗੁਜ਼ਰਨ ਨਾਲ ਧਮਾਰ ਤੇ ਖਿਆਲ ਗਾਇਨ ਸ਼ੈਲੀਆਂ ਦੀ ਵਰਤੋਂ ਹੋਣ ਲੱਗ ਪਈ ਹੈ। ਇਸ ਸ਼ੈਲੀ ਦੇ ਗਾਇਕ ਦਾ ਸਾਹ ਵਧ ਤੋਂ ਵੱਧ ਲੰਬਾ ਹੋਣਾ ਜ਼ਰੂਰੀ ਹੈ।

21) ਹਰਿਮੰਦਰ ਸੰਗੀਤ ਦੇ ਗਾਇਕ, ਉਸਤਾਦਾਂ ਪਾਸੋਂ ਬੜੀ ਲਗਨ ਤੇ ਮਿਹਨਤ ਨਾਲ ਵਿੱਦਿਆ ਹਾਸਲ ਕਰਦੇ ਸਨ। ਕੂਚਾ ਰਬਾਬੀਆਂ ਇਸ ਤੱਥ ਦੀ ਪੁਸ਼ਟੀ ਕਰਦਾ ਹੈ। ਇਨ੍ਹਾਂ ਗਾਇਕਾਂ ਨਾਲ ਸੰਗੀਤ ਖੇਤਰ ਵਿਚ ਦੇਸ਼ ਦੇ ਪ੍ਰਸਿੱਧ ਗਾਇਕ, ਮੁਕਾਬਲੇ ਵਿਚ ਤ੍ਰੇਹਿੰਦੇ ਸਨ।

22) ਹਰਿਮੰਦਰ ਸਾਹਿਬ ਦੇ ਸੰਗੀਤ ਦਾ ਸੁਨੇਹਾ ਹੈ ਕਿ ਕਿਸੇ ਅਜਿਹੇ ਸਾਜ਼ ਦੀ ਵਰਤੋਂ ਨਾ ਕੀਤੀ ਜਾਵੇ ਜੋ ਮਨ ਬਿਰਤੀਆਂ ਇਕਾਗਰ ਨਾ ਰੱਖ ਸਕੇ ਅਤੇ ਸ਼ਬਦ ਦੇ ਭਾਵ ਸੰਚਾਰ ਦੀ ਥਾਂ ਆਪਣੇ ਸੰਗੀਤਕ ਸੌਂਦਰਯ ਤੱਤਾਂ ਨੂੰ ਉਭਾਰੇ। ਇਥੇ ਮੂੰਹ ਦੇ ਸਾਜ਼ ਨਹੀਂ ਵਜਾਏ ਜਾਂਦੇ। ਮੂੰਹ ਕੇਵਲ ਬਾਣੀ ਉਚਾਰਨ ਦਾ ਸਰੋਤ ਮੰਨਿਆ ਗਿਆ ਹੈ।

23) ਇਥੇ ਰਬਾਬ ਦੇ ਨਾਲ ਨਾਲ ਸਰਿੰਦਾ, ਤਾਊਸ, ਦਿਲਰੁਬਾ ਵਾਇਲਨ ਆਦਿ ਤੰਤੀ ਸਾਜ਼ ਤਾਂ ਵਰਤੇ ਜਾਂਦੇ ਹਨ ਪਰ ਸਾਰੰਗੀ ਵਜਾਉਣ ਦੀ ਆਗਿਆ ਨਹੀਂ। ਇਸਦੇ ਦੋ ਕਾਰਨ ਸਪਸ਼ਟ ਹੁੰਦੇ ਹਨ। ਇਹ ਨਚਾਰਾਂ ਦਾ ਮਨ ਭਾਉਂਦਾ ਸਾਜ਼ ਹੈ, ਮੱਸਾ ਰੰਗੜ ਨੇ ਵੀ ਜਦੋਂ ਸ੍ਰੀ ਹਰਿਮਦਰ ਸਾਹਿਬ ਵਿਚ ਕੰਜਰੀ ਨਚਾਈ ਤਾਂ ਉਸ ਸਮੇਂ ਸਾਰੰਗੀ ਹੀ ਵੱਜ ਰਹੀ ਸੀ।

ਇਹ ਸਾਜ਼ ਭਾਵੇਂ ਸੁਰੀਲਾ ਹੈ ਪਰ ਆਪਣੀ ਭਰਵੀਂ ਆਵਾਜ਼ ਕਾਰਨ ਸਹਿਜ ਭਾਵ ਨੂੰ ਕਾਇਮ ਰੱਖਣ ਦੇ ਸਮਰਥ ਨਹੀਂ।

24) ਤਬਲੇ ਦੀ ਵਰਤੋਂ ਤੋਂ ਪਹਿਲਾਂ ਮਿਰਦੰਗ ਦੀ ਵਰਤੋਂ ਹੁੰਦੀ ਸੀ। ਪਰ ਤਬਲੇ ਲਈ ਵੀ ਪਖਾਵਜ ਸ਼ੈਲੀ ਅਪਣਾਈ ਗਈ ਜੋ ਸੰਗੀਤ ਜਗਤ ਵਿਚ ਖੁਲ੍ਹੇ ਹਾਥ ਕਾ ਬਾਜ਼' ਦੇ ਨਾਮ ਨਾਲ ਪ੍ਰਸਿੱਧ ਹੈ। ਪਰ ਢੱਡ ਤੇ ਢੋਲ ਵਜਾਉਣ ਤੇ ਰੋਕ ਹੈ। ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਤਦੇ ਹੀ ਪੂਰਬ ਦੀ ਯਾਤਰਾ ਸਮੇਂ ਇਕ ਕੀਰਤਨੀਏ ਨੂੰ ਖੁਸ਼ ਹੋ ਕੇ ਆਪਣੀ ਨਿੱਜੀ ਮ੍ਰਿਦੰਗ ਇਨਾਮ ਵਜੋਂ ਬਖ਼ਸ਼ ਦਿੱਤੀ ਸੀ।

ਇਸ ਸਾਖੀ ਤੋਂ ਇਹ ਭਲੀ ਭਾਂਤ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਯਾਤਰਾ ਸਮੇਂ ਮ੍ਰਿਦੰਗ ਵਰਗਾ ਵਡਅਕਾਰੀ ਸਾਜ਼ ਸਾਥ ਰੱਖਣ ਵਾਲੇ ਗੁਰੂ ਸਾਹਿਬ ਜੀ ਸੰਗੀਤ ਵਿੱਦਿਆ ਵਿਚ ਕਿਤਨੇ ਪ੍ਰਵੀਨ ਸਨ।

25) ਬਸੰਤ ਰਾਗ ਗਾਉਣ ਦੀ ਵੀ ਹਰਿਮੰਦਰ ਸਾਹਿਬ ਦੀ ਵਿਲੱਖਣ ਪਰੰਪਰਾ ਹੈ। ਇਹ ਲੋਹੜੀ ਵਾਲੇ ਦਿਨ ਰਾਤ 9 ਵਜੇ ਚਲਦਾ ਕੀਰਤਨ ਬੰਦ ਕਰਕੇ ਬਾਕਾਇਦਾ ਅਰਦਾਸ ਕਰ ਕੇ ਆਰੰਭ ਕੀਤਾ ਜਾਂਦਾ ਹੈ। ਅਰਦਾਸ ਕਰਕੇ ਆਰੰਭ ਕੀਤਾ ਜਾਂਦਾ ਹੈ। ਅਰਦਾਸ ਉਪਰੰਤ 'ਮਾਹਾ ਮਾਹ ਮੁਮਾਰਖੀ ਚੜ੍ਹਿਆ ਸਦਾ ਬਸੰਤੁ' ਸ਼ਬਦ ਗਾਇਨ ਕੀਤਾ ਜਾਂਦਾ ਹੈ। ਇਸ ਦਿਨ ਤੋਂ ਹਰ ਕੀਰਤਨ ਚੌਕੀ ਦਾ ਅਰੰਭ ਬਸੰਤ ਰਾਗ ਨਾਲ ਕੀਤਾ ਜਾਂਦਾ ਹੈ।

ਮਰਿਯਾਦਾ ਅਨੁਸਾਰ ਹਰ ਰਾਗੀ ਪਹਿਲਾ ਸ਼ਬਦ ਬਸੰਤ ਰਾਗ ਵਿਚ ਗਾਇਨ ਕਰਕੇ ਹਨ ਉਪਰੰਤ ਦਰਮਿਆਨ ਵਿਚ 'ਬਸੰਤ ਕੀ ਵਾਰ' ਦੀਆਂ ਦੋ ਪਉੜੀਆਂ ਦਾ ਗਾਇਨ ਹੁੰਦਾ ਹੈ ਅਤੇ ਚੌਕੀ ਦੇ ਅੰਤ ਸਮੇਂ ਵੀ ਬਸੰਤ ਰਾਗ ਵਿਚ ਹੀ ਪਉੜੀ ਗਾਈ ਜਾਂਦੀ ਹੈ। ਇਹ ਕਰਮ ਹੋਲੇ ਮਹੱਲੇ ਵਾਲੇ ਦਿਨ ਤਕ ਨਿਰੰਤਰ ਜਾਰੀ ਰਹਿੰਦਾ ਹੈ ਅਤੇ ਉਸ ਵਿਚ ਆਸਾ ਚੌਕੀ ਦੀ ਅਰਦਾਸ ਸਮੇਂ ਬਸੰਤ ਰਾਗ ਗਾਉਣ ਦੀ ਸਮਾਪਤੀ ਦੀ ਅਰਦਾਸ ਕਰਦਿਆਂ ਇਸ ਦਾ ਗਾਇਨ ਬੰਦ ਕਰ ਦਿੱਤਾ ਜਾਂਦਾ ਹੈ। ਇਹ ਪਰੰਪਰਾ ਹੋਰ ਕਿਸੇ ਵੀ ਸਥਾਨ 'ਤੇ ਜਾਰੀ ਨਹੀਂ।

ਇਸ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਦਾ ਇਹ ਸੰਗੀਤ ਪ੍ਰਭੂ ਨਾਲੋਂ ਵਿਛੜੀਆਂ ਰੂਹਾਂ ਨੂੰ ਮੇਲਣ, ਟੁੱਟੀਆਂ ਸੁਰਤਾਂ ਨੂੰ ਜੋੜਨ ਅਤੇ ਮਾਨਵ ਸੁਰਤ ਨੂੰ ਦੁਨਿਆਵੀ ਸੋਚ ਨਾਲੋਂ ਤੋੜ, ਅਧਿਆਤਮਕ ਮੰਡਲ ਦੀ ਯਾਤਰਾ ਕਰਾਉਣ ਦਾ ਉਤਮ ਸਾਧਨ ਹੈ। ਇਸ ਸੰਗੀਤ ਨੇ ਨਾ ਕੇਵਲ ਭਾਰਤੀ ਸੰਗੀਤ ਦੀਆਂ ਮੁਢਲੀਆਂ ਤੇ ਸੰਸਕ੍ਰਿਤਕ ਪਰੰਪਰਾਵਾਂ ਨੂੰ ਜ਼ਿੰਦਾ ਹੀ ਰੱਖਿਆ ਹੈ, ਸਗੋਂ ਇਸ ਦੀਆਂ ਗਾਇਨ ਤੇ ਵਾਦਕ ਸ਼ੈਲੀਆਂ ਵਿਚ ਸੁਚਾਰੂ ਸੁਧਾਰ ਕਰਦਿਆਂ ਇਸ ਦੇ ਭਾਵ ਸੰਚਾਰ ਨੂੰ ਬ੍ਰਹਮ ਮੁਖੀ ਬਣਾ ਦਿੱਤਾ ਹੈ।

*ਪ੍ਰਤਿਕਾ 'ਸੀਸ ਗੰਜ' ਵਿਚੋਂ ਧਨਵਾਦ ਸਹਿਤ*

# ਪ੍ਰਭ ਏਕੈ ਏਕੰਕਾਰੈ (ਸਾਰਗ ਮ: ੫)

## ਮਾਤਾ ਸ਼ਿਵ ਬਾਣੀ (ਜਪ ਲੋਕ)

ਜੋ ਵਾਣੀ ਰਾਹੀਂ ਨਹੀਂ ਕਹਿਆ ਜਾ ਸਕਦਾ ਪ੍ਰੰਤੂ ਜਿਸ ਰਾਹੀਂ ਵਾਣੀ ਕਹਿਣ ਯੋਗ ਹੋਈ ਓਹ ਗੁਰਬਾਣੀ ਜਾਣ ਜੋ ਮਨ ਰਾਹੀਂ ਨਹੀਂ ਜਾਣਿਆ ਜਾ ਸਕਦਾ ਪ੍ਰੰਤੂ ਜਿਸ ਰਾਹੀਂ ਮਨ ਨੂੰ ਜਾਣਿਆ ਜਾ ਸਕਦੈ ਓਹ ਗੁਰਬਾਣੀ ਜਾਣ ਜੋ ਨੇਤ੍ਰਾਂ ਰਾਹੀਂ ਨਹੀਂ ਦੇਖਿਆ ਜਾ ਸਕਦਾ ਪ੍ਰੰਤੂ ਜਿਸ ਰਾਹੀਂ ਨੇਤ੍ਰਾਂ ਨੂੰ ਦਰਸ਼ਨ ਦ੍ਰਿਸ਼ਟੀ ਮਿਲਦੀ ਹੈ ਓਹ ਗੁਰਬਾਣੀ ਜਾਣ ਜੋ ਕੰਨਾਂ ਦੇ ਸੁਣਨ ਦਾ ਵਿਸ਼ੈ ਨਹੀਂ ਪ੍ਰੰਤੂ ਜੋ ਕੰਨਾਂ ਨੂੰ ਸ੍ਰਵਣ ਤੱਤ ਬਖਸ਼ੇ ਓਹ ਸਬਦੁ ਜਾਣ ਜੋ ਪ੍ਰਾਣ ਰਾਹੀਂ ਪ੍ਰੇਰਿਤ ਨਹੀਂ ਹੁੰਦੀ ਪ੍ਰੰਤੂ ਜਿਸ ਰਾਹੀਂ ਪ੍ਰਾਣ ਪ੍ਰੇਰਿਤ ਹੁੰਦੇ ਹਨ ਓਹ ਸੁਰਤਿ ਜਾਣ

*ਜਲ ਪਹਾਰ ਤੇ ਗਿਰਤ ਉਠਤ ਤਰੰਗ*
*ਤਿਹ ਸੁਰ ਸਾਰੰਗ ਜਾਣ*

ਜਿਸਦੀ ਦ੍ਰਿਸ਼ਟੀ ਬਿਨਾਂ ਦ੍ਰਿਸ਼ ਟਿਕਾਉ 'ਚ ਹੈ, ਜਿਸਦਾ ਪ੍ਰਾਣ ਬਿਨਾਂ ਪ੍ਰਯਤਨ ਸਥਿਰ ਹੈ, ਜਿਸਦਾ ਚਿਤ ਮਤਿ ਮਨਿ ਬੁਧਿ -ਗਿਆਨਆਸਾਨ ਤੇ ਬਿਰਾਜਮਾਨ, ਅੰਤਰਦ੍ਰਿਸ਼ਟੀਮਯੀ ਅਕਾਲ ਮੂਰਤਿ ਨੂੰ ਸ੍ਰਿਸ਼ਟੀ ਪਸਾਰੇ ਵਿਚ ਦੇਖਦਾ ਹੋਇਆ, ਸਿਮਰਨ 'ਚ ਲੀਨ, ਮੌਨ, ਪਰੀਪੂਰਣ ਅਵਸਥਾ ਵਾਲੇ ਗੁਰਮੁਖ ਨੂੰ ਗੁਰਬਾਣੀ ਸਬਦੁ ਸੁਰਤਿ ਵਿਚ ਜੁੜਿਆ ਜਾਣ।

ਸਭ ਰੰਗਾਂ ਵਿਚ ਰੰਗਿਆ ਹੋਇਆ ਸਾਰੰਗ -ਓਸ ਵਾਹਿਗੁਰੂ ਦੇ ਰੰਗ ਵਿਚ ਰੰਗੀ ਹੋਈ ਗੁਰਬਾਣੀ

*ਸ੍ਰਵਣ ਸੁਯਸ਼ ਸਾਰੰਗ ਨਾਦ*
*ਵਿਧਿ ਚਾਤਕ ਵਿਧਿ ਮੁਖ ਨਾਮ*

ਸਰਸ ਨਾਦ ਗੁਰਮੁਖ ਨੂੰ ਚਾਤ੍ਰਿਕ ਵਾਂਗ ਨਾਮੁ ਨਾਲ ਇਕ ਰਸ ਕਰ ਦੇਣ ਵਾਲਾ ਸਾਰੰਗ ਹੈ।

ਗੁਰਬਾਣੀ - ਰਾਗੁ ਸਾਰੰਗ ਆਪਣੇ ਅੰਦਰ ਸਾਰੰਗ ਦੇ ਸਾਰੇ ਅਰਥਾਂ ਨੂੰ ਸੰਜੋਏ ਹੋਏ ਹੈ। ਸਾਰੰਗ ਸ਼ਬਦ ਆਪਣੇ ਸੰਪੂਰਣ ਅਰਥਾਂ ਸਹਿਤ ਗੁਰਬਾਣੀ ਸਾਰੰਗ ਵਿਚ ਦਰਜ ਹੈ। ਸਾਰੰਗ ਦਾ ਅਰਥ 'ਪ੍ਰਮਾਤਮਾ' ਹੈ ਤੇ ਰਾਗ ਸਾਰੰਗ ਵਿਚ ਗੁਰਬਾਣੀ ਅਕਾਲਪੁਰਖੁ, ਗੋਵਿੰਦ, ਰਾਮ, ਸਤਿਕਰਤਾਰ ਦੇ ਦਰਸ਼ਨਾਂ ਨਾਲ ਸਾਰੰਗ ਨੂੰ ਉਸਦੇ ਅਰਥ ਦੇਂਦੀ ਹੈ। ਸਾਰੰਗ ਸ਼ਬਦ ਕੋਕਿਲ ਬਣਦਾ ਹੈ ਤਾਂ ਸਾਰੰਗ ਬਾਣੀ ਨਾਮੁ ਰੂਪੀ ਪ੍ਰਿਉ ਪ੍ਰਿਉ ਦਾ ਸਿਮਰਨ ਕਰਦੀ ਹੈ। ਸਾਰੰਗ ਹਿਰਨ ਸ਼ਬਦ ਦੇ ਆਪਣੇ ਅਰਥ ਆਪਣੇ ਹੀ ਅੰਦਰ ਕਸਤੂਰੀ ਹੋਣ ਦੀ ਸੋਧ ਸਾਰੰਗ ਰਾਗ ਬਾਣੀ ਤੋਂ ਹੀ ਗ੍ਰਹਿਣ ਕਰਦਾ ਹੈ। ਸਾਰੰਗ ਵਿਸ਼ਨੂੰ ਰੂਪ ਪ੍ਰਤੀਪਾਲਕ ਹੈ ਤੇ ਸ਼ਿਵ ਰੂਪ ਹੋ ਸਾਡੇ ਅੰਦਰ ਦੇ ਪੰਚ ਚੋਰਾਂ ਦਾ ਨਾਸ ਕਰਦਾ ਹੈ। ਸਾਰੰਗ ਕਮਲ ਹੈ ਤੇ ਸਾਰੰਗ ਰਾਗ ਦੀ ਸ਼ੋਭਾ ਵਧਾਉਂਦੀ ਹੈ ਗੁਰਬਾਣੀ ਜਦ ਅਲਿਪਤਤਾ ਦਾ ਰਾਹ ਦਿਖਾਉਂਦੀ ਹੈ। ਸਾਰੰਗ ਸਿੰਹ ਰੂਪ ਵਿਚ ਗੁਰਬਾਣੀ ਤੋਂ ਨਿਰਭੈ ਪਦ ਦੀ ਪਹੁੰਚ ਤਕ ਦਾ ਮਾਰਗ ਪ੍ਰਾਪਤ ਕਰਦਾ ਹੈ। ਸਾਰੰਗ ਆਪਣੇ ਅਰਥਾਂ ਵਿਚ ਧਰਤੀ ਹੈ ਤੇ ਗਗਨ ਵੀ। ਸਾਰੰਗ ਰਾਗ ਵਿਚ ਵਿਆਪਕ ਗੁਰਬਾਣੀ ਗੁਰਮੁਖ ਨੂੰ ਧੀਰਜਤਾ ਵੀ ਦੇਂਦੀ ਹੈ ਤੇ ਵਿਸ਼ਾਲਤਾ ਵੀ। ਸਾਰੰਗ ਦਿਨ ਵੀ ਹੈ ਤੇ ਰਾਤ ਵੀ ਸਾਰੰਗ ਹੈ। ਗੁਰਬਾਣੀ ਸਾਰੰਗ ਦਿਨ ਰਾਤ ਤੇ ਪਸਾਰੇ ਵਿਚ ਸਾਰਾ ਬ੍ਰਹਿਮੰਡੀਯ ਪਸਾਰਾ ਹੈ ਇਹ ਸੋਧ ਦੇ ਕੇ ਵਰਤਾਰਾ ਸਿਖਾਉਂਦੀ ਹੈ। ਸਾਰੰਗ ਜਲ ਵੀ ਹੈ, ਸਰੋਵਰ ਤੇ ਸਮੁੰਦਰ ਵੀ। ਬਿਜਲੀ ਵੀ ਹੈ, ਮੇਘ ਵੀ ਤੇ ਮੋਰ ਵੀ ਸਾਰੰਗ ਹੀ ਹੈ। ਸਾਰੰਗ ਹੀ ਪੁਸ਼ਪ ਹੈ, ਭੌਰਾ ਹੈ ਤੇ ਸ਼ਹਿਦਮੱਖੀ। ਆਪ ਹੀ ਦੀਵਾ ਹੈ ਆਪ ਹੀ ਬੱਤੀ। ਸਾਰੰਗ ਹੰਸ ਵੀ ਆਪ ਹੈ ਮੋਤੀ ਵੀ ਚੁਗਦਾ ਸਾਰੰਗ ਹੀ ਹੈ। ਸਾਰੰਗ ਹੱਥ ਹੈ - ਛਤਰ ਹੈ-ਛਤ੍ਰਪਤੀ ਵੀ ਸਾਰੰਗ ਹੈ। ਸਾਰੰਗ ਹੀ ਧਨੁੱਖ ਹੈ ਤੇ ਸਾਰੰਗ ਪਾਨਿ ਵੀ ਸਾਰੰਗ। ਸਾਰੰਗ ਸੁਯਸ਼ ਹੈ, ਸ਼ੋਭਾ ਹੈ ਗੁਰਬਾਣੀ ਦਾ। ਗੁਰਬਾਣੀ ਵਿਚ ਰੰਜਿਤ ਰੰਗਿਆ ਹੋਇਆ ਰਾਗੁ ਸਾਰੰਗ ਹੀ ਹੈ। ਆਪ ਸ੍ਰੀ ਵੀ ਹੈ ਤੇ ਮੇਘ ਵੀ-ਅੰਮ੍ਰਿਤ ਰੂਪੀ ਨਾਮੁ ਦਾ ਸਹਿਚਰ ਰਾਗੁ ਸਾਰੰਗ ਗੁਰਬਾਣੀ ਨਾਲ ਜੁੜੇ ਮਨ ਨੂੰ ਸਹਿਜ ਹੀ ਨਾਦਮਯ ਅਵਸਥਾ ਤੇ ਠਹਿਰਾਅ ਓਸ ਵਾਹਿਗੁਰੂ ਝਲਕ ਦਾ ਪਾਤਰ ਬਣਾ ਦਿੰਦਾ ਹੈ ਤੇ ਗੁਰਮੁਖ ਪਿਆਰਾ ਆਪ ਮੁਹਾਰੇ ਚਾਤ੍ਰਿਕ ਬਣ ਨਾਮੁ ਦੀ ਅੰਮ੍ਰਿਤ ਬੂੰਦ ਨੂੰ ਪ੍ਰਾਪਤ ਕਰਦਾ ਹੈ। ਰਾਗ ਸਾਰੰਗ ਦੇ ਸਿਰਲੇਖ ਅੰਤਰ ਆਈ ਗੁਰਬਾਣੀ ਸਾਧਕ ਦੀ ਉਸ ਅਵਸਥਾ ਨਾਲ ਜੁੜੀ ਹੈ ਜਿਥੇ ਸਾਧਕ ਹਾਰਿਆ ਥਕਿਆ ਅੱਕਿਆ ਨਹੀਂ ਬਲਕਿ ਚੜ੍ਹਦੀ ਕਲਾ 'ਚ ਹੈ।

ਸਾਧਨ ਪ੍ਰਕਿਰਿਆ ਤੇ ਸਿਮਰਨ ਦੇ ਰਾਹ 'ਤੇ ਦ੍ਰਿੜ ਸੰਕਲਪ ਹੈ। ਰਾਗੁ ਸਾਰੰਗ ਸੂਰਜ ਦੇ ਸਿਖਰ ਦਾ ਰਾਗ ਹੈ। ਰਾਗੁ ਸਾਰੰਗ ਪ੍ਰਕਾਸ਼ ਦੀ ਪ੍ਰਕਾਸ਼ਨਤਾ ਦਾ ਰਾਗ ਹੈ। ਇਹ ਸ੍ਰਿਸ਼ਟੀ ਦੇ ਜਗਮਗ ਚੇਤਨਯ ਪੱਖ ਦਾ ਸਮਾਂ ਹੈ। ਰਾਗੁ ਸਾਰੰਗ ਵਿਚ ਗੁਰਬਾਣੀ ਦੀ ਵਿਆਪਕਤਾ ਚੈਤਨਯ ਅਵਸਥਾ ਦੀ ਬਾਣੀ ਹੈ। ਗੁਰਮੁਖ ਦੇ ਹਿਰਦੇ ਦੀ ਧਰਤੀ ਵਾਹੀ ਗੋਡੀ ਹੋਈ ਤਿਆਰ ਹੈ ਚੇਤੰਨ ਰੂਪ ਵਿਚ-ਬਸ ਰਾਗ ਸਾਰੰਗ ਅੰਤਰ, ਗੁਰੂ ਸਬਦੁ ਰੂਪ ਗੁਰਬਾਣੀ ਸਿਮਰਨ ਦਾ ਬੀਜ ਬੋਅ ਦਿੰਦੀ ਹੈ। ਗੁਰਬਾਣੀ ਨਾਮੁ ਨਾਲ ਇਕਸੁਰਤਾ ਕਾਇਮ ਕਰਦੀ ਹੈ। ਰਾਗ ਸਾਰੰਗ ਦੇ ਨਾਦ ਤੇ ਗੁਰਬਾਣੀ ਦੇ ਸਬਦੁ, ਸੁਰਤਿ ਦਾ ਅਲੌਕਿਕ ਵਰਤਾਰਾ ਸਿਰਜਦੇ ਹਨ।

ਰਾਗ ਸਾਰੰਗ ਦਾ ਸੁਰਮੰਡਲ ਆਪਣੇ ਅੰਦਰ ਨਾਦ ਬਿੰਦੂ ਦੀ ਐਸੀ ਸ਼ਕਤੀ ਸੰਜੋਏ ਹੋਏ ਹੈ ਜੋ ਸਹਿਜਤਾ ਭਰਿਆ ਮਨ ਓਸ ਸੱਚੇ ਪਾਤਸ਼ਾਹ ਦੇ ਨਾਮੁ ਸਿਮਰਨੁ ਵਿਚ ਲੀਨ ਹੋ ਜਾਂਦਾ ਹੈ। ਨਾਮੁ ਜਪੁ ਰਸਨਾ ਜਪਦੀ ਹੈ ਤੇ ਆਪ ਮੁਹਾਰੇ ਅਜਪਾ ਜਪੁ ਚਲਣ ਲਗਦਾ ਹੈ। ਰਾਗ ਦੇ ਸੁਰਮੰਡਲ ਜਪੁ ਨੂੰ ਇਕ ਧੁਨ ਦੇਂਦੇ ਹਨ। ਸਤਿਨਾਮ ਵਾਹਗੁਰੂ ਦਾ ਰਸਨਾ ਨਾਲ ਉਚਾਰਣ ਇਕ ਧੁਨਮੰਡਲ ਸਿਰਜਦਾ ਹੈ। ਸਤਿਨਾਮੁ ਪ੍ਰਾਣ ਦੇ ਨਾਲ ਬ੍ਰਹਿਮੰਡ ਵਿਚ ਅਨਹਦ ਧੁਨਿ ਬਣ ਫੈਲਦਾ ਹੈ ਤਾਂ ਵਾਹਿਗੁਰੂ ਸਾਹ ਨਾਲ ਅੰਤਹਕਰਣ ਤਕ ਪ੍ਰਕਾਸ਼ ਕਰ ਦਿੰਦਾ ਹੈ। ਇਹ ਵਾਣੀ ਨਾਲ ਜਪਿਆ ਸਤਿਨਾਮੁ ਵਾਹੁਗੁਰੂ ਵਾਣੀ ਨੂੰ ਵੈਖਰੀ ਤੋਂ ਮੱਧਯਮਾਂ ਨਾਲ ਜੁੜਾਂਦਾ ਹੈ। ਇਹ ਧੁਨ ਮੰਡਲ ਇਕ ਸੰਯੋਗ ਦਾ ਰਾਹ ਸਿਰਜਦਾ ਹੈ ਜਿਥੇ ਸੁਮਿਰਨ ਮਧਯਮਾ ਹੈ-ਜੋੜਨ ਦਾ ਕਾਰਯ ਕਰ ਰਿਹਾ ਧੁਨ ਮੰਡਲ ਸਬਦੁਮਯੀ। ਅੰਤਹਕਰਣ ਨੂੰ ਛੋਹ ਰਿਹਾ ਜਪ ਵਾਣੀ ਨੂੰ ਪਸ਼ਯੰਤੀ ਰੂਪ ਦੇ ਦਿੰਦਾ ਹੈ -ਵਾਣੀ ਦ੍ਰਿਸ਼ਟਾ ਬਣ ਉਪਜਦੀ ਹੈ ਸਤਿਨਾਮੁ ਸਮੋਂਦੀ ਹੈ। ਵਾਹਿਗੁਰੂ ਤੇ ਰਸਨਾ ਦੀ ਧੁਨ ਆਪਣੇ ਹੀ ਸ੍ਰਵਣ ਮੰਡਲ ਤਕ ਛੂੰਹਦੀ ਹੈ ਅਰ ਵਿਲੀਨ ਹੋ ਜਾਂਦੀ ਹੈ। ਇਥੇ ਸਾਧਕ ਸੂਖਮ ਧੁਨ ਮੰਡਲ ਨੂੰ ਸੁਣਦਾ ਹੈ -ਦੇਖਦਾ ਹੈ ਸਤਿਨਾਮੁ ਵਾਹਿਗੁਰੂ ਸਿਮਰਦਾ ਹੈ ਇਕ ਸਾਕਸ਼ੀ ਬਣ, ਆਪ ਆਪੇ ਤੋਂ ਪਰਾ ਅਵਸਥਾ ਤੇ ਟਿਕ ਕੇ। ਤੇ ਇਹ ਧੁਨਮੰਡਲ ਨਾਦ ਮੰਡਲ ਵਿਚ ਸਮਾ ਜਾਂਦਾ ਹੈ-ਵਾਣੀ ਆਪਣੀ ਪਰਾ ਅਵਸਥਾ 'ਤੇ ਹੈ ਜਿਥੇ ਉਸਦੀ ਮੂਲ ਭੂਤ ਸੱਤਾ ਹੈ -ਸੁਮਿਰਨ ਹੋ ਰਿਹਾ ਹੈ ਸਤਿਨਾਮੁ ਵਾਹੁਗੁਰੂ ਸਤਿਨਾਮੁ ਵਾਹਿਗੁਰੂ ਤੇ ਹੁਣ ਗੁਰਮੁਖ ਆਪ ਹੀ ਆਪ ਚਲ ਰਹੇ ਇਸ ਅਜਪਾ ਜਾਪ ਨੂੰ ਜਦ ਸ੍ਰਵਣ ਕਰਦਾ ਹੈ ਤਾਂ ਨਮਸਕਾਰ ਕਰਦਾ ਹੈ ਓਸ ਕਰਤਾ ਨੂੰ ਜੋ ਕਰਣ ਕਰਾਵਣਹਾਰ ਆਪ ਹੀ ਆਪ ਅਕਾਲ ਮੂਰਤਿ ਹੈ। ਗੁਰਬਾਣੀ ਸਤਿਨਾਮੁ ਨੂੰ ਪਰਾਪੂਰਬਲਾ ਨਿਰਦੇਸ਼ ਕਰਦੀ ਹੈ ਤੇ ਭਾਈ ਗੁਰਦਾਸ ਵਾਹੁਗੁਰੂ ਵਾਹੁਗੁਰੂ ਦੇ ਜਪ ਸਿਮਰਨ ਨੂੰ "ਹਉਮੈ ਖੋਈ" ਦਾ ਰਾਹ ਦੱਸਦੇ ਹਨ।

ਰਾਗ ਸਾਰੰਗ ਸਿਰਲੇਖ ਹੇਤ ਗੁਰਬਾਣੀ ਸੂਖਮ ਤੱਤ ਦਰਸ਼ਨ ਦੀ ਬਾਣੀ ਹੈ। "ੴ" ਤੋਂ ਅਰੰਭ ਕੇ ਸਾਧਨ ਪ੍ਰਕ੍ਰਿਆ ਵਿਚੋਂ ਲੰਘਾਉਂਦੀ ਲੰਘਾਉਂਦੀ ਉਸੇ ਮੂਲ ਸੂਖਮ ਤੱਤ ਨਾਲ ਜੋੜ ਦਿੰਦੀ ਹੈ ਜੋ ਏਕੰਕਾਰ ਹੈ। ਰਾਗ ਸਾਰੰਗ ਦੀ ਬਾਣੀ ਦਾਸ ਭਾਵ ਦੇ ਸਮਰਪਣ ਨਾਲ ਅਰੰਭ ਹੁੰਦੀ ਹੈ ਫੇਰ ਅੰਮ੍ਰਿਤ ਰੂਪੀ ਨਾਮ ਸਿਮਰਨ ਵਿਚ ਐਸਾ ਜੋੜਦੀ ਹੈ ਕਿ ਸਾਰੰਗ ਰਾਗ ਵੀ ਆਪਣੇ ਤਪਤ ਪ੍ਰਕਾਸ਼ ਤੋਂ ਤਪੋਮਯੀ ਗਯਾਨਾਵਸਥਾ ਪ੍ਰਾਪਤ ਕਰ ਨਾਦ ਬ੍ਰਹਮ ਵਿਚ ਲੀਨ ਹੋ ਜਾਂਦਾ ਹੈ। ਰਾਗ ਸਾਰੰਗ ਗ੍ਰੀਸ਼ਮ ਰੁੱਤ ਦੀ ਸਾਧਨ ਪ੍ਰਕ੍ਰਿਆ ਵਿਚੋਂ ਗੁਜਰਦਾ ਹੋਇਆ ਆਪਣੇ ਮੂਲ ਸਰੋਤ ਨਾਲ ਜਾ ਮਿਲਦਾ ਹੈ ਤੇ ਰਿਮਝਿਮਾ ਸਾਵਣੁ ਰੂਪੀ ਮੀਂਹ ਜਿਥੇ ਸਾਰੰਗ ਦੀ ਸ਼ੀਤਲਤਾ ਦਾ ਪ੍ਰਤੀਕ ਹੈ ਉਥੇ ਹੀ ਸਾਧਕ ਦੀ ਸਮ ਅਤੇ ਸਹਿਜ ਅਵਸਥਾ ਤੋਂ ਉਪਜੀ ਅੰਤਰੀਵ ਸ਼ਾਂਤਅਵਸਥਾ ਦਾ ਪ੍ਰਮਾਣ।

ਇਸ ਮਲ-ਦੇਹੀ ਤੋਂ ਨਾਦ ਉਪਜਣਾ ਅਚੰਭਾ ਹੈ ਪ੍ਰੰਤੂ ਅਚੰਭਾ ਉਦੋਂ ਤਕ ਹੀ ਹੈ ਜਦ ਤਕ ਨਾਦ ਬ੍ਰਹਮ ਦੀ ਪ੍ਰਕ੍ਰਿਆ ਰਾਗੁ ਸਾਧਨਾ ਨਹੀਂ ਕੀਤੀ ਅਤੇ ਪ੍ਰਮਾਤਮਾ ਇਸੇ ਦੇਹ ਦੇ ਹਿਰਦੇ ਘਰੁ 'ਚ ਹੀ ਹੈ ਉਦੋਂ ਤਕ ਹੀ ਅਚੰਭਾ ਹੈ ਜਦ ਤਕ ਗੁਰਬਾਣੀ ਨਾਲ ਮਨ ਜੁੜਿਆ ਨਹੀਂ। ਨਾਦ ਬ੍ਰਹਮ ਦੀ ਸਾਧਨਾ ਪ੍ਰਕ੍ਰਿਆ "ਰਾਗੁ" ਹੈ। ਰਾਗੁ ਸਾਰੰਗ ਓਸੇ ਬ੍ਰਹਿਮੰਡੀਯ ਨਾਦ-ਤੱਤਵ ਦੀ ਬੀਜ ਸਾਧਨਾ ਹੈ। ਸਾਰੀ ਸ੍ਰਿਸ਼ਟੀ ਨਾਦਮਯ ਹੈ ਤੇ ਨਾਦ ਤੱਤਵ ਪਾਰਬ੍ਰਹਮ ਹੈ। ਇਸੇ ਦਾ ਆਕਾਰ ਰੂਪ ਰਾਗ ਤੇ ਰਾਗ ਦੇ ਆਕਾਰ ਢਾਂਚਾ ਉਸਦੇ ਸਵਰ ਸਮੂਹ ਹਨ।

*ਜਬ ਹੀ ਸਿਖਰ ਹੋਤ ਹੈ*
*ਦਿਨ ਮਣਿ ਤਬ ਯਾਂਕੀ ਸੁਰ ਗਾਵੈ*
*ਤਬ ਸੁਰੰਗ ਸਾਰੰਗ ਸੁਰ ਜਾਨੋ*
*ਗੁਨਿ ਜਨ ਗਾਇ ਸੁਨਾਵੈ*
*ਜਾਕੋ ਸੁਰਗ ਦੇਵ ਸੁਰ ਗਾਵਤ*
*ਉਸਤਤ ਅਤਹਿ ਬਖਾਨੈ*

*ਜਲ ਪਹਾਰ ਤੇ ਗਿਰਤ ਉਠਤ ਸੁਰ*
*ਤਿਹ ਸੁਰ ਸਰੰਗ ਜਾਨੈ*

ਗੁਰਬਾਣੀ ਕੀਰਤਨ ਨਾਲ ਰਾਗ ਵੀ ਆਪਣੀ ਲੌਕਿਕ ਸੱਤਾ ਤੋਂ ਪਰਾ, ਅਲੌਕਿਕ ਸੱਤਾ-ਨਾਦ ਤਦਰੂਪਤਾ ਗ੍ਰਹਿਣ ਕਰਦਾ ਹੈ। ਲੌਕਿਕ ਸੰਦਰਭਾਂ ਵਿਚ ਰਾਗ ਮਨ ਰੰਜਨ ਤਕ ਦੇ ਸਾਧਨ ਹੋ ਸਕਦੇ ਹਨ ਪ੍ਰੰਤੂ ਜਦ ਕੋਈ ਰਾਗ ਗੁਰਬਾਣੀ ਨਾਲ ਜਾ ਜੁੜਦਾ ਹੈ ਤਾਂ ਇਹੀ ਰਾਗ 'ਸੁਰਤਿ' ਤਕ ਲੈ ਜਾਂਦਾ ਹੈ।

ਰਾਗ ਸਾਰੰਗ ਦੀ ਵੀ ਆਪਣੀ ਇਕ ਪ੍ਰਕ੍ਰਿਤੀ ਹੈ - ਗੁਰਬਾਣੀ ਵੀ ਇਕ ਪ੍ਰਕ੍ਰਿਤੀ ਸਿਰਜਦੀ ਹੈ। ਇਹ ਦੋ ਮੂਲ ਪ੍ਰਕ੍ਰਿਤੀਆਂ ਦਾ ਆਪਸੀ ਸੰਯੋਗ ਇਕ ਮੂਲ ਸਿਰਜਣ ਪ੍ਰਕ੍ਰਿਆ ਬਣਦਾ ਹੈ। ਦੋਵੇਂ ਹੀ ਆਪੋ ਆਪਣੇ ਮੂਲ ਵਲ ਪ੍ਰੇਰਿਤ ਹਨ - ਰਾਗ ਸਾਰੰਗ ਦਾ ਮੂਲ ਹੈ **ਸ ਰੇ ਮ ਪ ਨੀ ਸਂ। ਸਂ ਨ਼ੀ ਪ ਮ ਰੇ ਸ** ਇਨ੍ਹਾਂ ਪੰਜ ਸਵਰਾਂ ਦੇ ਉਤਾਰ ਚੜ੍ਹਾਓ ਨਾਲ ਇਨ੍ਹਾਂ ਦੇ ਬਣਦੇ ਸਵਰ ਸਮੂਹਾਂ ਦਾ ਧੁਨ ਮੰਡਲ-ਰਾਗ ਮੰਡਲ-ਨਾਦ ਮੰਡਲ-ਇਕ ਅਕਾਰ ਜੋ ਕੇਵਲ ਸਬਦੁਮਯੀ ਆਕਾਰ ਹੈ- ਬਣ ਰਿਹਾ ਹੈ ਉਠ ਰਿਹਾ ਹੈ ਤੇ ਗਗਨ ਮੰਡਲ ਵਿਚ ਵਿਲੀਨ ਹੋ ਰਿਹਾ ਹੈ। ਇਸੇ ਮੌਨ ਬ੍ਰਹਿਮੰਡ ਵਿਚੋਂ ਉਪਜ ਉਸੇ ਵਿਚ ਸਮਾ ਰਿਹਾ ਹੈ। ਇਸੇ ਪ੍ਰਕ੍ਰਿਆ ਦੌਰਾਨ ਇਕ ਰੂਪ ਲੈ ਚੁੱਕਾ ਹੈ - ਆਕਾਰ ਲੈ ਚੁੱਕਾ ਹੈ ਤੇ ਆਪਣੀ ਮਰਯਾਦਾ ਨੂੰ ਸੰਭਾਲਦਾ ਹੋਇਆ ਰਾਗ ਸਾਰੰਗ ਦੀ ਪਹਿਚਾਣ ਸਾਡੇ ਅੰਤਹਕਰਣ ਤੇ ਛਾਪ ਬਣਾ ਦੇਂਦਾ ਹੈ। 'ਬੂੰਦ ਪਹਾਰ ਉਪਰ ਪਰਤ ਉਠਤ ਤਰੰਗ ਜੋ ਸੁਰ ਸਾਰੰਗ ਜਾਣ।' ਬੂੰਦ ਦਾ ਉਤਰਣਾ ਉਸ ਦਾ ਅਵਤਰਣ ਹੈ, ਅਵੋਰੋਹਣ ਹੈ, ਪਰ ਉਸਦੀ ਛੋਹ ਨੇ ਜੋ ਤਰੰਗ ਪੈਦਾ ਕੀਤੀ ਉਹ ਉਸਦਾ ਆਰੋਹਣ ਹੈ, ਉਠਣਾ ਹੈ ਉਹੀ ਛੋਹ ਸਾਰੰਗ ਦੀ ਪਹਿਚਾਣ ਹੈ। ਗੁਰਬਾਣੀ ਵੀ ਸਾਡੇ ਅੰਦਰ ਦੇ ਓਸ ਸੂਖਮ ਤੱਤ ਨੂੰ ਉਜਾਗਰ ਕਰਦੀ ਹੈ ਜੋ ਸਾਨੂੰ ਉਠਾਂਦੇ ਹਨ ਸਾਨੂੰ ਦੇਹ ਦੇ ਸੰਦਰਭਾਂ ਤੋਂ ਆਤਮਿਕ ਸੰਦਰਭਾਂ ਦੀ ਪਹਿਚਾਣ ਕਰਵਾ ਕੇ ਪਰਮਾਤਮਾ ਨਾਲ ਇਕ ਮਿਕ ਕਰਵਾਉਣ ਦਾ ਰਾਹ ਗੁਰਬਾਣੀ ਦਿਖਾਉਂਦੀ ਹੈ। ਸ੍ਰਵਣ ਪ੍ਰਕ੍ਰਿਆ ਵਿਚੋਂ ਚਿਤ ਨੂੰ ਜੋ ਧੁਨੀ ਇਕਾਗਰ ਕਰਦੀ ਹੈ ਓਹ ਸਵਰ ਹੈ। ਸੰਸਾਰ ਪ੍ਰਕ੍ਰਿਆ ਵਿਚੋਂ ਜੋ ਚਿਤਵ੍ਰਿਤੀਆਂ ਨੂੰ ਸ਼ਾਂਤ ਕਰਦੀ ਹੈ ਓਹ ਗੁਰਬਾਣੀ ਹੈ। ਇਨ੍ਹਾਂ ਦੋਹਾਂ ਦਾ ਸੰਯੋਗ ਸੁਰਤਿ ਹੈ।

ਰਾਗ ਸਾਰੰਗ ਦੇ ਸਿਰਲੇਖ ਹੇਤੁ ਰਚੀ ਬਾਣੀ ਵਿਚ 'ਘਰੁ' ਸ਼ਬਦ ਦਾ ਨਿਰਦੇਸ਼ ਵੀ ਮਿਲਦਾ ਹੈ। ਖੋਜ ਦ੍ਰਿਸ਼ਟੀ ਨਾਲ 'ਘਰੁ' ਸ਼ਬਦ ਦਾ ਸਬੰਧ ਤਾਲ ਨਾਲ ਵੀ ਹੈ ਪ੍ਰੰਤੂ ਮੂਲ ਸਬੰਧ ਸਵਰ ਨਾਲ ਹੈ। ਸ਼ਾਸ਼ਤ੍ਰੀਯ ਮਤ ਅਨੁਸਾਰ 'ਮੂਰਛਨਾ ਦਾ ਨਿਵਾਸ (ਘਰੁ) ਸਵਰ ਹੈ' ਘਰੁ ਪਹਿਲਾ ਦੂਜਾ ਤੀਸਰਾ ਚੌਥਾ -- ਇਹ ਸਾਰੰਗ ਰਾਗ ਦੇ ਅਲੱਗ ਅਲੱਗ ਸਵਰਾਂ ਵਿਚ ਨਿਵਾਸ ਕਰ ਰਹੇ (ਘਰੁ ਵਿਚ) ਮੂਰਛਨਾ ਦੇ ਯਾਨੀ ਸੁਰ ਪ੍ਰਸਤਾਰ ਦੇ ਨਿਰਦੇਸ਼ ਹਨ। ਰਾਗ ਸਾਰੰਗ ਦੀ ਬਾਣੀ ਚੱਲ ਰਹੀ ਹੈ ਅਤੇ ਗੁਰੂ ਸਾਹਿਬਾਨ ਨੇ ਨਿਰਦੇਸ਼ ਦਿੱਤਾ ਹੈ ਸਾਰੰਗ ਘਰੁ ਪਹਿਲਾ। ਇਸਦਾ ਭਾਵ ਹੈ ਕਿ ਸਾਰੰਗ ਰਾਗ ਹੁਣ ਅਧਾਰ ਸਵਰ ਪ੍ਰਸਤਾਰ ਤੋਂ ਅੱਗੇ ਪਹਿਲੇ ਘਰ ਵਿਚ ਨਿਵਾਸ ਕਰੇਗਾ। ਯਾਦ, ਸਮਝਣ, ਚੇਤੇ ਦੀ ਲੋੜ ਇਹ ਹੈ ਕਿ ਰਾਗ ਵਿਚ ਸੁਰ ਜਿਸਨੂੰ ਅਧਾਰ ਮੰਨ ਲਿਆ ਓਹੀ ਰਾਗ ਦਾ ਮੂਲ ਅਧਾਰ ਯਾਂ ਸ਼ੜਜ ਜਾਂ ਰਾਗ ਦਾ ਨਾਮ ਹੈ - ਪਹਿਲੇ ਘਰੁ ਵਿਚ ਸਥਾਪਿਤ ਹੋਵੇਗਾ ਹੁਣ ਰਾਗ ਸਾਰੰਗ ਦੇ ਉਸਦਾ ਪਹਿਲਾ ਘਰੁ ਹੈ- ਰਿਖਭ (ਰੇ) ਹੁਣ ਰੇ ਦਾ ਸਥਾਨ ਸ ਵਿਚ ਰੂਪਾਂਤਰਿਤ ਹੋਣ ਲੱਗਾ ਹੈ। ਸਵਰਪ੍ਰਸਤਾਰ ਸਾਰੰਗ ਹੀ ਹੋਵੇਗਾ ਪਰ ਅਧਾਰ ਸ਼ੜਜ (ਸ) ਨਾ ਹੋ ਕੇ ਰੇ (ਰਿਖਭ) ਹੋ ਜਾਵੇਗਾ। ਸ ਰੇ ਮ ਪ ਨੀ ਸਂ ਇਹ ਇਕ ਆਦਿ ਤੋਂ ਉਪਜਿਆ ਸਾਰੰਗ ਹੁਣ ਘਰੁ ਪਹਿਲੇ ਵਿਚ ਰੇ ਮ ਪ ਨੀ ਸ ਰੇ ਹੋ ਜਾਵੇਗਾ ਪਰ ਹੁਣ ਰੇ ਦਾ ਨਾਮ ਸ ਹੈ ਇਸ ਕਾਰਨ ਇਹ ਸਵਰਾਂ ਦੇ ਸੰਦਰਭ ਸ ਦੇ ਨਾਲ ਨਾਮ ਪ੍ਰਵਰਤਿਤ ਹੋ ਜਾਣਗੇ। ਇਹ ਨਿਰਾਕਾਰ ਦੀ ਅਕਾਰ ਪ੍ਰਕ੍ਰਿਆ ਹੈ -

ਰੇ ਗੁ ਗੁ ਮ ਮ ਪ ਧੁ ਧ ਨੁੀ ਨੀ ਸਂ ਰੁੇਂ ਰੇਂ

ਸ ਰੁੇ ਰੇ ਗੁ ਗ ਮ ਮ ਪ ਧੁ ਧ ਨੁੀ ਨੀ ਸਂ

ਰੇ ਦੇ ਘਰੁ ਵਿਚ ਨਿਵਾਸ ਕਰ ਰਹੀ ਸੁਰ ਪ੍ਰਸਤਾਰ ਮੂਰਛਨਾ ਦੇ ਹੁਣ ਸਵਰ ਹਨ ਸ ਗੁ ਮ ਧ ਨੁੀ ਸਂ ਸ ਰੇ ਮ ਪ ਨੀ ਸਂ ਸੁਰਾਂ ਦਰਮਯਾਨ ਜੋ ਸ਼ਰੁਤੀ ਅੰਤਰ ਅਨੁਪਾਤ ਸ ਗੁ ਮ ਧ ਨੁੀ ਸ ਦੇ ਇਸ ਸਵਰ ਪ੍ਰਸਤਾਰ ਵਿਚ ਹੈ - ਸੰਗੀਤ ਦੇ ਪ੍ਰਾਣ, ਸੁਰ ਦਰਮਯਾਨ ਜੋ ਅਨੁਪਾਤ ਹੈ ਉਸ ਵਿਚ ਵਿਚਰਣ ਕਰਦੇ ਹਨ। ਸੁਰ ਦਾ ਜੋ ਸਥਾਨ ਸਾਰੰਗ ਦੇ ਮੂਲ ਵਿਚ ਹੈ ਓਹੀ ਹੁਣ ਉਸ ਦੇ ਪਹਿਲੇ ਘਰੁ ਵਿਚ ਹੈ। ਮੂਲ ਸਾਰੰਗ ਦੇ ਸੁਰ ਕ੍ਰਮ ਨੂੰ ਸ਼ੁੱਧ ਮੂਰਛਨਾ ਕਿਹਾ ਜਾਵੇਗਾ। ਘਰੁ ਪਹਿਲਾ ਉਸਦਾ ਪਹਿਲਾ ਸਵਰ ਹੋਵੇਗਾ। ਰਿਖਭ ਨੂੰ ਸ ਮੰਨਣ ਨਲ ਸਰਵਪ੍ਰਥਮ ਰੇ ਹੀ ਇਸ ਸਮੂਹ ਵਿਚੋਂ ਵਰਜਿਤ ਹੋ ਗਿਆ। ਕੇਵਲ ਨਾਮ ਰੂਪ ਵਿਚ ਪ੍ਰੰਤੂ

ਅਧਾਰ ਰੂਪ ਵਿਚ ਸਥਾਪਿਤ ਹੈ। ਸਮਾਨਤਾ ਦੀ ਦ੍ਰਿਸ਼ਟੀ ਲਈ ਕਿ ਇਹ ਕਿਹੜਾ ਰੂਪ ਬਣਿਆ ਤਾਂ ਇਹ 'ਕਾਫ਼ੀ ਥਾਟ' ਬਣਿਆ- ਕੁਝ ਕੁਝ 'ਭਾਗੇਸ਼ਵਰੀ' ਵਰਗਾ ਰੂਪ ਹੈ। ਯਾਦ ਰਹੇ ਭਾਗੇਸ਼ਵਰੀ ਨਹੀਂ ਗਾਣੀ-ਇਹ ਸਾਰੰਗ ਦਾ ਹੀ ਸਵਰ ਪ੍ਰਸਤਾਰ ਹੈ- ਸਾਰੰਗ ਹੀ ਇਕ ਅਕਾਰ ਲੈ ਰਿਹਾ ਹੈ। ਰਾਗ ਸਾਰੰਗ ਦਾ ਵਾਦੀ ਸੁਰ ਰਿਖਭ ਹੈ-ਕਿਸੇ ਵੀ ਰਾਗ ਦਾ ਵਾਦੀ ਸਵਰ ਉਸਦੇ ਅਧਿਕ ਪ੍ਰਯੋਗ ਹੋਣ ਕਾਰਨ ਵਾਦੀਤੱਵ ਗ੍ਰਹਿਣ ਨਹੀਂ ਕਰਦਾ ਬਲਕਿ ਵਾਦਿਤੱਵ ਹੋਣ ਕਾਰਨ ਅਧਿਕ ਮਹੱਤਵਪੂਰਨ ਸੁਰ ਬਣਦਾ ਹੈ। ਇਸਦਾ ਭਾਵ ਹੈ ਕਿ ਰਾਗ ਦਾ ਵਾਦਿਤੱਵ ਗ੍ਰਹਿਣ ਕਰਨ ਦਾ ਅਧਾਰ ਕੁਝ ਹੋਰ ਹੈ। ਕਿਸੇ ਵੀ ਰਾਗ ਦੇ ਸਵਰਪ੍ਰਸਤਾਰ ਵਿਚ ਨਾਦ ਵਾਯੂ ਦਾ ਠਹਿਰਾਓ ਕਿਸੇ ਸ਼ਰੁਤੀ ਤੇ ਹੁੰਦਾ ਹੈ। ਓਹ ਉਸਦਾ ਵਾਦਤੱਵ ਰੂਪ ਹੈ। ਸਾਰੰਗ ਦਾ ਵਾਯੂ ਠਹਿਰਾਓ ਸ, ਰੇਮਰੇ, ਪਮਰੇ, ਮਰੇ, ਨੀ ਪਮਰੇ-ਆਪਮੁਹਾਰੇ ਨਾਦ ਵਾਯੂ ਦਾ ਬਿੰਦੂ ਰੂਪ ਹੈ। ਇਹ ਇਕ ਵਿਚਾਰ ਹੈ ਰਾਗ ਦਾ, ਮੱਤ ਹੈ, ਵਾਦ ਹੈ। ਇਹੀ ਸਵਰ ਜਦ ਕਿਸੇ ਨਾਲ ਨਾਦ ਵਾਯੂ ਅੰਦੋਲਨ ਜੋੜੇਗਾ ਜਿਵੇਂ ਕਿਸੇ ਵਿਸ਼ਯ ਤੇ ਦੋ ਵਿਅਕਤੀ ਗੱਲਬਾਤ ਕਰਦੇ ਹਨ ਤਾਂ ਸੰਵਾਦ ਹੈ-ਉਹੀ ਪ੍ਰਕ੍ਰਿਆ ਰਾਗ ਦੇ ਸੰਵਾਦਿਤੱਵ ਲਈ ਹੈ ਤੇ ਇਸ ਵਾਦ ਸੰਵਾਦ ਵਿਚ ਆਪਣਾ ਹਿੱਸਾ ਪਾ ਰਹੇ ਅਨੁਵਾਦੀ ਹਨ-ਵਿਵਾਦੀ ਵੀ ਹਨ। ਵਾਯੂ ਅੰਦੋਲਨ ਲਈ ਇਕ ਖਾਸ ਦੂਰੀ ਦੀ ਮਰਯਾਦਾ ਹੈ-ਵਾਦ ਸੰਵਾਦ ਸਿਰਜਣਾਤਮਕ ਤਾਂ ਹੀ ਹੈਨ ਅਗਰ ਇਕ ਮਰਯਾਦਿਤ ਦੂਰੀ ਬਣੀ ਰਹੇ। ਇਹੀ ਮਰਯਾਦਾ ਪਸਾਰਾ ਵੀ ਦਿੰਦੀ ਹੈ। ਰਾਗ ਦਾ ਬ੍ਰਹਿਮੰਡੀਯ ਪਸਾਰਾ ਹੁੰਦਾ ਹੈ। ਇਹੀ ਕ੍ਰਮ ਪੂਰੀ 'ਘਰੁ' ਵਿਵਸਥਾ ਵਿਚ ਨਿਭੇਗਾ। ਹਰ ਨਿਰਾਕਾਰ ਸਕਾਰਾਤਮਕ ਹੋ ਰਿਹਾ ਹੈ ਤੇ ਹਰ ਅਕਾਰ ਨਿਰਾਕਾਰ ਵਿਚ ਸਮਾ ਰਿਹਾ ਹੈ। ਸੰਗੀਤ ਦੇ ਵੇਰਵਿਆਂ ਅਨੁਸਾਰ ਇਕ ਮੂਰਛਨਾ ਵਿਚ ਦੋ ਲੱਖ ਬਹੱਤਰ ਹਜ਼ਾਰ ਦੋ ਸੌ ਤਾਨਾਂ ਦੀ ਸੰਭਾਵਨਾ ਹੈ ਤੇ ਜੇ ਇਕ ਇਕ ਗ੍ਰਾਮ ਦੀਆਂ ਮੁੱਖ ੭ ਮੂਰਛਨਾ ਤੇ ਤਿੰਨ ਗ੍ਰਾਮਾਂ ਦੀਆਂ ੨੧ ਮੂਰਛਨਾ ਤੇ ਇਹ ਗਣਿਤ ਦਾ ਵੇਰਵਾ ਅਨੰਤ ਅਸੀਮ ਦੇ ਅਨੁਭਵਾਂ ਵੱਲ ਪ੍ਰੇਰਿਤ ਕਰਦਾ ਹੈ।

ਸਵਰ ਤੋਂ ਨਾਦ ਹੈ। ਨਾਦ ਤੋਂ ਸਵਰ ਹੈ। ਰਾਗ ਇਸ ਨਾਦ ਸੁਰ ਦਾ ਸਾਕਾਰਾਤਮਕ ਰੂਪ ਹੈ ਇਸੇ ਵਿਚ ਤਾਲ ਤੇ ਗੀਤ ਦਾ ਆਚਰਣ ਹੁੰਦਾ ਹੈ। ਗੁਰਬਾਣੀ ਸਬਦੁ ਰੂਪ ਹੈ ਸਾਰੰਗ ਨਾਦ ਰੂਪ ਹੈ - ਆਪਣੀ ਉਤਮ ਅਵਸਥਾ ਵਿਚ ਸਬਦੁ ਬ੍ਰਹਮ ਹੈ-ਨਾਦ ਬ੍ਰਹਮ ਹੈ। ਆਪਣੀ ਮੂਲ ਸਥਿਤੀ ਵਿਚ ਸਬਦੁ ਹੀ ਨਾਦ ਹੈ-ਨਾਦ ਹੀ ਸਬਦੁ ਹੈ। ਇਨ੍ਹਾਂ ਦੋਹਾਂ ਦਾ ਸੰਯੋਗ ਹੈ ਹੀ-ਇਹ ਤਾਂ ਸੰਯੁਕਤ ਹੀ ਹਨ ਕੇਵਲ ਸਾਧਨਾ ਦੀ ਸਥੂਲਤਮ ਸਤਹਿ ਤੋਂ ਇਨ੍ਹਾਂ ਦੋ ਮਰਯਾਦਾਵਾਂ ਦੇ ਆਪਣੇ ਆਪਣੇ ਅਨੁਸ਼ਾਸਨ ਹਨ। ਸਾਧਨਾਂ ਦੀਆਂ ਪੌੜੀਆਂ ਹਨ। ਮੂਲ ਰੂਪ ਵਿਚ ਪ੍ਰਾਣ ਹੀ ਸਵਰ ਹੈ। ਸੂਰਜ ਜਦ ਅਸਤ ਹੁੰਦਾ ਹੈ ਉਸ ਦਾ ਓਹ ਗਮਨ 'ਸਵਰ' ਹੈ। ਪ੍ਰਾਣ ਜਦ ਬਾਹਰ ਨਿਕਲਦਾ ਹੈ ਓਹੀ ਓਂਕਾਰ ਹੈ-ਤੇਜ ਹੀ ਓਂਕਾਰ ਹੈ-ਸਾਹ ਅੰਦਰ ਖਿਚਣ ਦੀ ਕ੍ਰਿਆ ਪੂਰਕ ਕ੍ਰਿਆ ਹੈ-ਬਾਹਰ ਨਿਕਲਣ ਦੀ ਕ੍ਰਿਆ ਰੇਚਕ ਹੈ-ਇਨ੍ਹਾਂ ਦੋ ਕਿਰਿਆਵਾਂ ਦੇ ਦਰਮਯਾਨ ਦੀ ਸ਼ੂਨਯ ਸਥਿਤੀ-ਇਹ ਪ੍ਰਕ੍ਰਿਆ ਦੇ ਮੱਧ ਦੀ ਵ੍ਰਿਤੀ ਹੀ-ਵਾਣੀ ਹੈ। ਸਵਾਸ ਪ੍ਰਵਾਸ ਦੇ ਰਹਿਤ ਦੀ ਖਾਲੀ ਥਾਂ ਹੀ ਵਾਣੀ ਦੇ ਸਪਸ਼ਟ ਉਚਾਰਣ ਦਾ ਸਥਾਨ ਹੈ। ਇਸੇ ਕਾਰਨ ਵਾਣੀ ਦਾ ਤਪ ਆਤਮ ਨਿਰਮਲਤਾ ਦੀ ਪਹਿਲੀ ਪੌੜੀ ਹੈ-ਇਹੀ ਪ੍ਰਕ੍ਰਿਆ ਸੁਰ ਸਾਧਨਾ ਦੀ ਹੈ। ਇਹੀ ਪ੍ਰਕ੍ਰਿਆ ਜਪੁ ਸਿਮਰਨ ਧਯਾਨ ਦੀ ਹੈ-ਸਵਾਸ ਸਵਾਸ ਦੀ ਸਾਧਨਾ ਨਾਦਯੋਗ ਵੀ ਹੈ ਤੇ ਏਕੰਕਾਰ ਵੀ। ੧ਓ ਦਾ ਅਭਿਆਸ ਪ੍ਰਾਣਾਯਾਮ ਰੂਪ ਵਿਚ ਕਰਦੇ ਹੋਏ ਮਨ ਨਾਦ ਨਾਲ ਜੁੜਿਆ ਰਹੇ। ਇਹ ਜੁੜਨਾ ਨਿਰੰਤਰ, ਅਖੰਡ ਵ੍ਰਿਤੀ ਹੋਵੇ। ਓਂਕਾਰ ਜਾਂ ਨਾਦ ਬਾਹਰੀ ਪ੍ਰਯਤਨ ਨਾਲ ਉਚਾਰਿਤ ਨਹੀਂ ਹੁੰਦੇ ਕਿਉਂਕਿ ਇਹ ਨਾਂ ਵਿਅੰਜਨ ਹਨ, ਨਾ ਸੁਰ। ਇਨ੍ਹਾਂ ਦਾ ਉਚਾਰਣ ਕੰਠ-ਤਾਲੂ-ਨਾਸਿਕਾ-ਦੰਤ-ਮੂਰਧਾ ਕਿਧਰੋਂ ਵੀ ਨਹੀਂ ਹੋ ਸਕਦਾ। ਇਹ ਨਾ ਹੀ ਨਾਸ਼ ਹੁੰਦਾ ਹੈ ਕਿਉਂਕਿ ਆਦਿ ਅਨਾਦਿ ਹੋਣ ਦੇ ਨਾਲ ਅਵਿਨਾਸ਼ੀ ਵੀ ਹੈ।

ਵਾਯੂ ਦਾ ਸਥਾਨ ਹਿਰਦਾ ਹੈ। ਹਿਰਦੇ ਸਥਾਨ ਤੋਂ ਦ੍ਰਿਸ਼ਟੀ ਅੰਤਰਮੁਖੀ ਕਰਦੇ ਹੋਏ ਊਰਧ ਗਮਨ ਕਰਨਾ ਹੈ। ਦ੍ਰਿਸ਼ਟੀ ਨਾਲ ਹਿਰਦੇ ਤੋਂ ਉਪਰ ਵੱਲ ਦੇਖਣਾ ਹੈ - ਜਿਸ ਜਿਸ ਮਾਰਗ ਤੇ ਦ੍ਰਿਸ਼ਟੀ ਵਧੇਗੀ ਓਹੀ ਓਹੀ ਮਾਰਗ ਤੇ ਪ੍ਰਾਣ ਵੀ ਚੱਲੇਗਾ। ਇਹ ਐਸੀ ਅਵਸਥਾ ਹੈ ਜਦ ਮਨ, ਦ੍ਰਿਸ਼ਟੀ ਤੇ ਪ੍ਰਾਣ ਇਕੋ ਹੀ ਮਾਰਗ ਤੇ ਊਰਧ ਗਮਨ ਕਰ ਰਹੇ ਹਨ। ਹਿਰਦੇ ਸਥਾਨ 'ਤੇ ਆਏਗਾ। ਇਹ ਓਹ ਸਥਾਨ ਹੈ ਜਿਥੇ ਵਾਣੀ ਦਾ ਦੁਆਰ ਹੈ। ਇਹ ਉਹ ਸਥਾਨ ਹੈ ਜਿਥੇ ਮੌਨ ਦੇ ਦ੍ਰਿੜ ਸੰਕਲਪ ਨਾਲ ਹੀ ਅੱਗੇ ਵਧਣਾ ਹੈ-ਤੇ ਮਨ ਪ੍ਰਾਣ ਦ੍ਰਿਸ਼ਟੀ ਗਿਆਨ ਚੱਕਰ ਤੇ ਨਯਾਸ ਕਰਨਗੇ। ਦੋਹਾਂ ਅੱਖਾਂ ਦੇ ਦਰਮਿਆਨ ਸਾਰੇ ਸਰੀਰ ਦਾ ਊਰਜਾ ਕੇਂਦਰ ਵੀ ਹੈ-ਇਸ ਨਯਾਸ ਕੇਂਦਰ ਤੇ ਕੇਂਦ੍ਰਿਤ ਦ੍ਰਿਸ਼ਟੀ ਮਨ ਤੇ ਪ੍ਰਾਣ ਪੂਰੇ ਪਿੰਡ ਦੀ ਊਰਜਾ ਦਾ ਇਸ

ਬਿੰਦੂ ਤੇ ਕੇਂਦਰੀਕਰਣ ਕਰ ਦੇਵੇਗਾ। ਇਸ ਸਥਾਨ ਤੋਂ ਦ੍ਰਿਸ਼ਟੀ ਦੀ ਬਾਹਰਮੁਖੀ ਵ੍ਰਿਤੀ ਦਾ ਨਿਵਾਸ ਹੋਣ ਕਰਕੇ ਦ੍ਰਿਸ਼ਟੀ ਦੀ ਇਕਾਗਰਤਾ ਜ਼ਰੂਰੀ ਹੈ-ਦਸਮ ਦੁਆਰ ਪ੍ਰਕਾਸ਼ਪੁੰਜ ਹੈ, ਸੂਰਯਮੰਡਲ ਹੈ ਇਕ ਵਿਸਤ੍ਰਿਤ ਪਸਾਰਾ ਹੈ -ਮੋਖ ਦੁਆਰ ਹੈ-ਇਕ ਬਿੰਦੂ ਤੇ ਠਹਿਰਾਓ ਹੀ ਨਯਾਸ ਦਾ ਪੂਰਨ ਸਨਯਾਸ ਹੈ-ਇਥੇ ਇਕ ਮਨ ਚਿਤ ਹੋ ਕੇ (ਹੋ ਕੇ ਤੋਂ ਭਾਵ ਕੋਈ ਕ੍ਰਿਆ ਨਹੀਂ) ਓਂਕਾਰ ਸ੍ਰਵਣ ਹੁੰਦਾ ਹੈ-ਨਾਦ ਗੂੰਜਦਾ ਹੈ। ਸਬਦੁ ਬ੍ਰਹਮ ਹੈ-ਨਾਦ ਬ੍ਰਹਮ ਹੈ। ਇਹੀ ਸਿਮਰਨ ਦੀ ਅਨਹਦ ਅਵਸਥਾ ਹੈ-ਇਹੀ ਰਾਗ ਦੀ ਨਾਦਾਤਮਕਤਾ ਹੈ, ਜੋ ਸਵੈ ਪ੍ਰਕਾਸ਼, ਸੁਤੇ ਪ੍ਰਕਾਸ, ਆਤਮਸਰੂਪ ਇਕ ਅੱਖਰ ਬ੍ਰਹਮ ਹੈ-ਇਹੀ ਸਾਰੇ ਜਗਤ ਦਾ ਵਿਆਪਤ ਤੱਤਵ ਹੈ। ਇਹ ਓਹ ਅਵਸਥਾ ਹੈ ਜਿਥੇ "੧" (ਇਕ) ਨਾ ਭਾਸ਼ਾ ਹੈ ਨਾ ਗਣਨਾ ਹੈ ਨਾ ਸਾਪੇਖਤਾ ਹੈ ਨਾ ਸ਼ੂਨਯ। ਇਕ ਕਹਿਣ ਵਾਸਤੇ ਹੁਣ ਕਿਸੇ ਪ੍ਰਤੀਕ ਦੀ ਲੋੜ ਨਹੀਂ, ਕਿਸੇ ਸੰਗਿਆ ਜਾਂ ਵਿਸ਼ੇਸ਼ਣ ਦੀ ਵੀ ਲੋੜ ਨਹੀਂ। ਇਸ ਪ੍ਰਕ੍ਰਿਆ ਦੀ ਪ੍ਰਕਾਸ਼ਠਾ ਪੂਰਣਤਾ ਦਾ ਅਨੁਭਵ ਦੇਂਦੀ ਹੈ। "੧" ਦਾ ਦ੍ਰਿੜ ਨਿਸ਼ਚਯੀ ਅਨੁਭਵ ਸੰਗਯਾ ਤੇ ਸੰਖਿਆ ਤੋਂ ਪਰਾ ਹੋ ਜਾਂਦਾ ਹੈ। "੧" ਧਾਰਣਾ ਹੈ -ਧਯਾਨ ਹੈ-ਸੰਕਲਪ ਦੀ ਪਰਾ ਅਵਸਥਾ ਹੈ। "੧" ਕੋਈ ਚਿੰਨ੍ਹ, ਕੋਈ ਸੰਕੇਤ, ਕੋਈ ਸੰਭਾਵਨਾ ਸੂਚਕਤਾ ਨਹੀਂ-ਪੂਰਣਤਾ ਦਾ ਧਿਓਤਕ ਹੈ। ਪਰੀਪੂਰਣਤਾ ਹੈ। ਮੌਨ ਹੈ। ਆਦਿ ਹੈ। ਅਨਾਦਿ ਹੈ। ਸਤਿ ਹੈ। ਗਯਾਨ ਹੈ। ਅਨੰਤ ਹੈ। ਆਨੰਦ ਹੈ।

ਇਸ ਅਵਸਥਾ ਵਿਚੋਂ ਫੇਰ ਪ੍ਰਕ੍ਰਿਆ ਸਿਰਜਿਤ ਹੁੰਦੀ ਹੈ-ਹੁਣ ਬਾਹਰਮੁਖੀ ਪ੍ਰਕ੍ਰਿਆ ਹੈ-ਮਨ ਉਸ ਚੋਟੀ ਤੋਂ ਅਵਤਰੀਣ ਹੁੰਦਾ ਹੈ-ਦ੍ਰਿਸ਼ਟੀ ਹੁਣ ਅੱਖਾਂ ਰਾਹੀਂ ਬਾਹਰ ਆ ਰਹੀ ਹੈ-ਸਾਰਾ ਬ੍ਰਹਿਮੰਡੀਯ ਪਸਾਰਾ ਓਹੀ ਹੈ ਜੋ ਅੰਦਰ ਸੀ-ਅੰਦਰ ਬਾਹਰ ਏਕੋ ਹੈ-ਸਾਰਾ ਸ੍ਰਿਸ਼ਟੀ ਓਸੇ "੧" ਦਾ ਹੀ ਸਾਕਾਰਾਤਮਕ ਰੂਪ ਹੈ-ਵਾਨੀ ਆਪ ਮੁਹਾਰੇ ਸਬਦੁ ਉਚਾਰਦੀ ਹੈ-ਵਾਹੁਗੁਰੂ-ਸਤਿਨਾਮੁ। ***"ਸਬਦੁ ਬੀਚਾਰਿ ਭਰਮ ਭਉ ਭੰਜਨੁ ਅਵਰੁ ਨ ਜਾਨਿਆ ਦੂਜਾ॥"*** (ਸਾਰੰਗ ਮ:੧) ਦ੍ਰਿਸ਼ਟੀ ਅੰਤਰਮੁਖੀ ਹੈ। ਦ੍ਰਿਸ਼ ਬਾਹਰੀ ਹਨ-ਸਾਧਨਾਮਯੀ ਸਾਮਜਸਯ ਸੁਰਤਿ ਵਿਚ ਟਿਕ ਜਾਂਦਾ ਹੈ। ਸਿਮਰਨ ਹੁਣ ਸਵੈ ਸਿਧ ਹੈ-ਨਾਦ ਸਵੈ ਸਿਧ ਹੈ। ਇਹ ਅਵਸਥਾ ਅਵਿਨਾਸ਼ੀ ਹੈ-ਪ੍ਰੰਤੂ ਅਭਿਆਸ ਹੀਨਤਾ ਇਸ ਨੂੰ ਅਸਤ ਰੂਪ ਦੇ ਦਿੰਦੀ ਹੈ। ਜਿਸ ਕਾਰਨ ਇਕ ਚੇਤੰਨਤਾ ਜਾਗਰੂਕਤਾ, ਸਾਵਧਾਨਤਾ ਦੀ ਲੋੜ ਹੈ। ਇਕ ਦ੍ਰਿੜ ਪਕੜ ਦੀ ਲੋੜ ਹੈ, ਮਨ ਨੂੰ ਅੰਤਰਮੁਖੀ ਵ੍ਰਿਤੀ ਦੇ ਅਭਿਆਸ ਦੀ ਲੋੜ ਹੈ, ਸਵੈ ਵਿਸ਼ਲੇਸ਼ਣ ਦੀ ਸੂਝ ਦੀ ਲੋੜ ਹੈ। ਅਭਿਆਸ ਕਰਨਾ ਹੈ ਪੂਰੀ ਇਕਾਗ੍ਰਤਾ ਸੱਜੇ ਕੰਨ ਤੇ ਧਰੁਵ ਰੂਪ ਸਥਿਰ ਕਰਕੇ ਨਾਦ ਦਾ ਚਿੰਤਨ ਕਰਨਾ ਹੈ। ਇਹ ਪ੍ਰਕ੍ਰਿਆ ਬਾਹਰੀ ਧਵਨੀਆਂ ਨੂੰ ਢੱਕ ਲਵੇਗੀ। ਮਨ ਨੂੰ ਇਕਾਗਰ ਕਰਕੇ ਨਾਦ ਦੇ ਧੀਮੇਪਨ ਤੋਂ ਉੱਚੇਪਨ ਫੇਰ ਉਚੇਪਨ ਤੋਂ ਧੀਮੇਪਨ ਵੱਲ ਉਤਾਰ ਚੜ੍ਹਾਓ ਕਰੇ। ਮਨ ਅਗਰ ਨਾਦ ਦੇ ਉਤਾਰ ਜਾਂ ਚੜ੍ਹਾਓ ਤੇ ਟਿਕਣ ਲੱਗੇਗਾ ਤਾਂ ਉਸ ਵਿਚ ਵਿਲੀਨ ਹੋਣ ਲੱਗੇਗਾ-ਇਹ ਵਿਲੀਨਤਾ ਰਤਿ ਹੈ, ਰਾਗ ਹੈ-ਇਸ ਵਿਚ ਮਨ ਨੂੰ ਵਿਲੀਨ ਕਰਨ ਦੀ ਸ਼ਕਤੀ ਹੈ-ਬਾਹਰੀ ਸੰਦਰਭ ਛੁੱਟ ਰਹੇ ਹਨ-ਰੁਚੀ ਕੇਂਦ੍ਰਿਤ ਹੋ ਰਹੀ ਹੈ ਰਾਗਮਯੀ ਹੋ ਰਹੀ ਹੈ-ਕਿਧਰੋਂ ਛੁੱਟ ਕੇ ਕਿਤੇ ਜੁੜ ਰਹੀ ਹੈ-ਪ੍ਰਪੰਚ ਤੋਂ ਕੇਂਦ੍ਰਿਤ ਹੋ ਕੇ ਮਨ ਇਕ ਬਿੰਦੂ ਤੇ ਟਿਕ ਰਿਹਾ ਹੈ। ਮਨ ਤੇ ਰਾਗ ਇਕ ਇਕਾਗਰਤਾ ਵਿਚ ਰਲੇ ਮਿਲੇ ਹਨ-ਬਸ ਇਕ ਇਕਾਗਰਤਾ ਤਕ ਰਾਗ ਲੈ ਜਾਂਦਾ ਹੈ- ਉਸਦੀ ਸੀਮਾ ਹੈ ਇਹ ਬਿੰਦੂ ਪਰ ਇਹ ਅਖੰਡ ਅਨੰਤ ਅਨੰਦ ਨਹੀਂ। ਇਹ ਪ੍ਰਕ੍ਰਿਆ ਅਨੁਭੂਤੀ ਤਕ ਲੈ ਜਾਵੇ- ਉਥੇ ਇਸ ਬਿੰਦੂ ਤੇ, ਇਕਾਗਰਤਾ ਦੇ ਇਸ ਛਣ ਵਿਚ ਮਨ ਦਾ, ਚਿੱਤ ਦਾ ਸਿਮਰਨ ਨਾਲ ਜੁੜ ਜਾਣਾ-ਵਿਚਾਰ ਦਾ ਮਨਨਸ਼ੀਲ ਹੋ ਜਾਣਾ, ਸਮਸ਼ਟ ਚੇਸ਼ਟਾਵਾਂ ਦਾ ਚਿੰਤਨਸ਼ੀਲ ਬਣ ਜਾਣਾ-੧ਓ ਵਿਚ ਓਂਕਾਰਮਯੀ ਆਪਾ ਸਿਮਰਨ ਵਿਚ ਲੀਨ-ਅਖੰਡ ਅਨੰਤ ਅਸੀਮ ਅਵਿਨਾਸ਼ੀ ਤੱਤਵ ਦਾ ਅੰਗ ਬਣ ਜਾਂਦਾ ਹੈ। ਹੁਣ ਬਾਹਰੀ ਵਿਕਾਰ ਉਸਦੇ ਚੇਤਨਮਨ ਨੂੰ ਖੰਡਿਤ ਨਹੀਂ ਕਰਦੇ। ***"ਨਾਇ ਮੰਨਿਐ ਸੁਰਤਿ ਉਪਜੈ"*** (ਸਾਰੰਗ ਕੀ ਵਾਰ ਮ:੪) ਸੁਮਰਿਨ ਨਾਲ ਜੁੜਿਆ ਅਨਹਦ ਸਬਦੁ ਨੂੰ ਸੁਣਦਾ ਹੈ। ਰਾਗ ਤਾਂ ਮਨ ਦੀਆਂ ਤਰੰਗਾਂ ਨੂੰ ਠਹਿਰਾਉਣ ਵਾਲਾ ਤਟ ਹੈ। ਮਨ ਦਾ ਪਸਾਰਾ ਉਦੋਂ ਤਕ ਹੀ ਹੈ ਜਦ ਤਕ ਰਾਗ ਦੇ ਸੁਰ-ਲੈਅ-ਕਲਾਤਮਕ ਚਕਾਚੌਂਧ-ਸ਼ਬਦਾਂ ਦਾ ਹਲਕਾ ਭਾਰਾਪਨ-ਸੁਰਤਾ-ਤਾਲ-ਸਮ-ਖਾਲੀ-ਵਾਦੀ-ਸੰਵਾਦੀ ਦੇ ਖੰਡ ਖੰਡ ਬਣ ਰਹੇ ਹਨ -ਪਰ ਇਨ੍ਹਾਂ ਦਾ ਸਮਨਵੀਕਰਣ ਜਦ ਖੰਡ ਖੰਡ ਜੁੜ ਸਾਰੰਗ ਬਣ ਜਾਂਦਾ ਹੈ-ਜਦ ਸਾਰੇ ਰੰਗ ਇਕ ਰੰਗ ਹੋ ਜਾਂਦੇ ਹਨ ਤਾਂ ਸਾਰੰਗ ਦਾ ਆਕਾਰ-ਨਾਦਰੂਪ ਹੋਣ ਲਗਦਾ ਹੈ-ਇਹ ਸ਼ੁਧ ਅਕਾਰ, ਅਕਾਰ ਤੋਂ ਮੁਕਤ ਕਰਦਾ ਹੈ। ਮਨ ਦਾ ਅਸਤਿਤੱਵ ਅਕਾਰ ਤਕ ਹੀ ਹੈ। ਨਾਦਰੂਪ ਸੁਰਤਿ ਜੋੜਦਾ ਹੈ-ਸਬਦੁ ਗੁਣ ਉਜਾਗਰ ਹੋਣ ਲੱਗਦਾ ਹੈ-ਅ-ਖਰ ਅਵਸਥਾ-ਖੀਣ ਨਾ ਹੋਣ ਵਾਲੀ-

ਅਨਹਦ-ਏਕੰਕਾਰਮਈ ਅਵਸਥਾ ਵਿਚ ਤਤਲੀਨਤਾ-ਇਹ ਜਾਗਰਤ ਸਵਪਨ ਸ਼ੁਸ਼ਪਤੀ ਤੁਰੀਆਂ ਤੋਂ ਲਈ ਜਾਂਦੀ ਤੁਰੀਆਤੀਤ ਅਵਸਥਾ ਹੈ। ਇਹ ਰਜ ਤਮ ਸਤ ਗੁਣਾਂ ਤੋਂ ਗੁਣਾਤੀਤ ਅਵਸਥਾ ਹੈ। ਇਥੇ ਨਾ ਬੌਧਿਕ ਸੰਦਰਭ ਹਨ. ਨਾ ਹਊਮੈ। *"ਸਬਦੁ ਵੀਚਾਰਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰੀ॥"* (ਸਾਰੰਗ ਮ: ੩ ਅਸਟਪਦੀਆਂ) ਇਸੇ ਨਾਦਬ੍ਰਹਮ ਵਿਚ ਉਪਜ ਰਹੀ ਸਿਮਰਨ ਦੀ ਸਥਿਤੀ ਹੈ ਜਿਥੇ ਸਾਰੰਗ ਨਹੀਂ ਨਾਦਬ੍ਰਹਮ ਹੈ ਏਕੰਕਾਰ ਹੈ।

*ਨਾਨਕ ਦਾਸੁ ਹਰਿ ਕੀਰਤਨਿ ਰਾਤਾ*

*ਸਬਦੁ ਸੁਰਤਿ ਸਚੁ ਸਾਖੀ॥* (ਸਾਰਗ ਮ:੫, ਪੰਨਾ1227)

*ਪੁਸਤਕ 'ਗੁਰਬਾਣੀ ਸਬਦੁ ਸੁਰਤਿ' ਵਿਚੋਂ*

*ਧੰਨਵਾਦ ਸਹਿਤ*

# ਗੁਰਮਤਿ ਸੰਗੀਤ-ਸੰਭਾਲ

## ਕਰਤਾਰ ਸਿੰਘ ਨੀਲਧਾਰੀ

ਸ. ਹਰਕ੍ਰਿਸ਼ਨ ਸਿੰਘ ਧੂਪੀਆ ਦਾ ਲੇਖ 'ਗੁਰਮਤਿ ਸੰਗੀਤ" ਅੰਮ੍ਰਿਤ ਕੀਰਤਨ ਦੇ ਮਾਰਚ ਅੰਕ ਵਿਚ ਛਪਿਆ ਹੈ। ਸੰਪਾਦਕ ਵਲੋਂ ਬਾਕਸ ਵਿਚ ਸੂਚਨਾ ਦਿੱਤੀ ਗਈ ਹੈ ਕਿ ਧੂਪੀਆ ਜੀ 9 ਫਰਵਰੀ 2007 ਨੂੰ ਅਕਾਲ ਚਲਾਣਾ ਕਰ ਗਏ ਹਨ। ਧੂਪੀਆ ਜੀ ਨੇ ਜਦੋਂ ਪਹਿਲੀ ਵਾਰੀ ਸੰਗੀਤ ਸੀਡੀਆਂ ਦੇ ਲੰਗਰ ਦੀ ਚਰਚਾ ਅੰਮ੍ਰਿਤ ਕੀਰਤਨ ਵਿਚ ਕੀਤੀ ਸੀ ਤਾਂ ਮੈਂ ਉਨ੍ਹਾਂ ਨੂੰ ਫੋਨ ਕਰਕੇ ਸੀਡੀ ਲੈਣ ਦੀ ਜੁਗਤਿ ਪੁੱਛੀ ਸੀ। ਉਨ੍ਹਾਂ ਨੇ ਮੇਰਾ ਕੀਰਤਨੀ ਕਿੱਤੇ ਤੋਂ ਕੋਰੇ ਹੋਣ ਦੀ ਹਕੀਕਤ ਬਾਰੇ ਸੁਣਕੇ ਪੁਰਾਤਨ ਕੀਰਤਨ ਸੀਡੀ ਦੇਣ ਤੋਂ ਮਨ੍ਹਾਂ ਕਰ ਦਿੱਤਾ। ਕੋਰੀਆਂ ਸੀਡੀਆਂ ਬਦਲੇ ਜਾਂ ਮੁੱਲ ਦੇਣ ਦੀ ਬੇਨਤੀ ਵੀ ਸਵੀਕਾਰ ਨਾ ਹੋਈ। ਉਨ੍ਹਾਂ ਦੀ ਲਗਨ ਤੇ ਮਿਹਨਤ ਸਹੀ ਮੰਚ ਉਤੇ ਕ੍ਰਿਆਸ਼ੀਲ ਹੋ ਕੇ ਸੁਖਾਵਾਂ ਸੰਗੀਤ ਵਿਆਹ ਸ਼ੁਰੂ ਕਰ ਹੀ ਰਹੀ ਸੀ ਕਿ ਮੁਕਲਾਵਾ ਆ ਗਿਆ। ਡਾਕਟਰ ਜਾਗੀਰ ਸਿੰਘ ਜੀ ਨੇ ਭਾਈ ਸੰਤਾ ਸਿੰਘ ਦੀ ਆਸਾ ਦੀ ਵਾਰ ਦੀ ਸੀਡੀ ਦੇ ਕੇ ਸਮੀਖਿਆ ਲਿਖਣ ਲਈ ਕਿਹਾ। ਇਹ ਸਮੀਖਿਆ ਮਾਰਚ ਅੰਕ ਵਿਚ "ਵਿਸਰ ਗਈ ਗੁਰਮਤਿ ਮਰਿਯਾਦਾ" ਸਿਰਲੇਖ ਨਾਲ ਛਪੀ ਹੈ।

ਚਾਣਕਿਆ ਦੇ ਨੀਤੀ ਸ਼ਾਸਤਰ ਅਨੁਸਾਰ ਗੁਪਤਚਰ ਰਾਜਾ ਦੇ ਅੱਖ ਤੇ ਕੰਨ ਹੁੰਦੇ ਹਨ ਅਤੇ ਦੂਸਰੇ ਦੇਸ਼ ਨੂੰ ਜਿੱਤਣ ਤੋਂ ਪਹਿਲਾਂ ਪੁਖਤਾ ਰਾਜ ਲਈ ਵਿਜੇਤਾ ਨੂੰ ਉਸ ਦੇਸ਼ ਦੇ ਸਭਿਆਚਾਰ, ਲੋਕਾਂ ਦੀ ਆਦਤਾਂ ਸੁਭਾਅ ਤੇ ਸੰਸਕਾਰ ਅਤੇ ਹੋਰ ਸਮਾਜਕ ਜਾਣਕਾਰੀਆਂ ਲੈਣੀਆਂ ਵੀ ਜ਼ਰੂਰੀ ਹਨ। ਈਸਟ ਇੰਡੀਆ ਕੰਪਨੀ ਦੇ ਰੂਪ ਵਿਚ ਅੰਗਰੇਜ਼ ਸੌਦਾਗਰਾਂ ਨੇ ਬ੍ਰਿਟੇਨ ਦੇ ਸਮੁੰਦਰੀ ਲੁਟੇਰਿਆਂ ਅਤੇ ਜਰਾਇਮ ਪੇਸ਼ਾ ਜਵਾਨਾਂ ਨੂੰ ਕਰਮਚਾਰੀ ਬਣਾ ਕੇ ਤੋਰਿਆ ਸੀ। ਅਜਿਹੇ ਸ਼ਾਤਿਰ ਨੂੰ ਪਲਾਸੀ ਦੀ ਲੜਾਈ ਵਿਚ ਬੰਗਾਲ ਨੂੰ ਜਿੱਤਣ ਲਈ ਉਸਨੂੰ ਮੀਰ ਜ਼ਾਫਰ ਨਾਮੀ ਗੱਦਾਰ ਮਿਲ ਗਿਆ। ਅੰਗਰੇਜ਼ੀ ਕੰਪਨੀ ਦੇ ਆਕਾਵਾਂ ਦੇ ਮਨਸੂਬੇ ਨਿਸ਼ਚਿਤ ਸਨ।

ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪ੍ਰਸਾਰ ਸਮੇਂ ਲੁਧਿਆਣੇ ਬੈਠੇ ਅੰਗਰੇਜ਼ ਰਾਜ ਮੁਖੀਆਂ ਨੇ ਪਹਿਲਾ ਬੂਟੇਸ਼ਾਹ ਤੋਂ ਸਿੱਖਾਂ ਦਾ ਇਤਿਹਾਸ ਲਿਖਾਇਆ। ਮਗਰੋਂ ਕੈਪਟਨ ਮਰੇ ਭਾਈ ਰਤਨ ਸਿੰਘ ਭੰਗੂ ਨੂੰ ਮਿਲਿਆ ਤੇ ਉਸਨੇ ਸਿੱਖ ਇਤਿਹਸ ਦੀ ਗੌਰਵ ਗਾਥਾ ਨੂੰ ਘੋਖ ਘੋਖ ਕੇ ਪੁਛਿਆ ਤੇ ਚੜ੍ਹਦੀ ਕਲਾਵਾਂ ਦਾ ਪੂਰਾ ਭੇਦ ਜਾਣਿਆ। ਇਸ ਤਰ੍ਹਾਂ ਸਿੱਖ ਰਾਜ ਨੂੰ ਕਬਜ਼ੇ ਵਿਚ ਕਰਕੇ ਅੰਗਰੇਜ਼ਾਂ ਨੇ ਸਭ ਤੋਂ ਪਹਿਲਾਂ ਗੁਰੂ ਧਾਮਾਂ ਦੇ ਪ੍ਰਬੰਧਾਂ ਨੂੰ ਆਪਣੇ ਅੰਗੂਠੇ ਹੇਠ ਦਬਾਇਆ। ਇਸ ਗੁਲਾਮ ਪ੍ਰਬੰਧਕੀ ਹੇਠ ਗੁਰਮਤਿ ਪਰੰਪਰਾਵਾਂ ਢਹਿੰਦੀਆਂ ਗਈਆਂ ਤੇ ਮਾਇਕ ਜਾਗੀਰਦਾਰੀਆਂ ਵਾਲੀ ਖੁੱਲ੍ਹੀ ਖੇਡ ਦੇ ਸਾਰੇ ਵਿਕਾਰ ਮਹੰਤ ਪੁਜਾਰੀਆਂ ਵਿਚ ਦਾਖਿਲ ਹੋ ਗਏ। ਪੰਜਾਬ ਵਿਚ ਅੰਗਰੇਜ਼ੀ ਰਾਜ 1849 ਵਿਚ ਪੱਕਾ ਹੋਇਆ ਤੇ 1920 ਵਿਚ ਗੁਰਦੁਆਰਾ ਲਹਿਰ ਸ਼ੁਰੂ ਹੋਈ। ਅੰਗਰੇਜ਼ ਸਰਕਾਰ ਨੇ ਜ਼ਲ੍ਹਿਆਂ ਵਾਲਾ ਬਾਗ ਦੇ ਸੱਜਰੇ ਸਾਕੇ ਨਾਲ ਆਏ ਭੂਚਾਲ ਤੋਂ ਵੀ ਬੇਫ਼ਿਕਰ ਰਹਿ ਕੇ ਮਹੰਤਾਂ ਦੀ ਪਿੱਠ ਪੂਰਤੀ ਲਈ ਪੂਰਾ ਜ਼ੋਰ ਲਾਇਆ। ਭਾਰਤੀ ਸਿਆਸਤ ਨੂੰ ਚਾਬੀਆਂ ਦੇ ਮੋਰਚੇ ਦੀ ਜਿੱਤ ਨਾਲ ਨਵਾਂ ਸਾਹ ਸੱਤ ਮਿਲਿਆ ਤੇ ਮਹਾਤਮਾ ਗਾਂਧੀ ਨੇ ਬਾਬਾ ਖੜਗ ਸਿੰਘ ਨੂੰ ਜੰਗੇ ਆਜ਼ਾਦੀ ਦੀ ਪਹਿਲੀ ਜਿੱਤ ਦੀ ਤਾਰ ਭੇਜੀ ਸੀ।

ਧੂਪੀਆ ਜੀ ਨੇ ਅੰਗਰੇਜ਼ੀ ਰਾਜ ਦੀ ਬਦੇਸ਼ੀ ਹਕੂਮਤ ਦੇ ਸਵਾਰਥੀ ਹਥਕੰਡਿਆਂ ਦੀ ਵਰਤੋਂ ਦਾ ਜ਼ਿਕਰ ਬਖ਼ੂਬੀ ਕੀਤਾ ਹੈ। ਪਰ ਇਸ ਦੇ ਨਾਲ ਇਹ ਵੀ ਜਾਣ ਲੈਣਾ ਜ਼ਰੂਰੀ ਹੈ ਕਿ ਗੁਰਦੁਆਰਾ ਲਹਿਰ ਨਾਲ ਹੋਂਦ ਵਿਚ ਆਏ ਅਕਾਲੀ ਦਲ ਨੂੰ ਵੀ ਕਾਂਗਰਸ ਨੇ ਆਪਣੇ ਸੁਆਰਥ ਲਈ ਰੱਜ ਕੇ ਵਰਤਿਆ ਅਤੇ ਮਗਰੋਂ ਥੂ ਕੌੜਾ ਵੀ ਕੀਤਾ। ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੇ ਗੁਰਦੁਆਰਿਆਂ ਵਿਚ ਜੋ ਸੁਧਾਰ ਕੀਤਾ ਉਸ ਦੇ ਫਲਸਰੂਪ ਗੁਰੂਧਾਮਾਂ ਵਿਚ ਤੰਤੀ ਸਾਜ਼ ਤੇ ਗੁਰਮਤਿ ਕੀਰਤਨ ਹੀ ਲੁਪਤ ਹੋ ਗਿਆ। ਅੱਜ ਹਰਿਮੰਦਰ ਸਾਹਿਬ ਦੇ ਟੀ.ਵੀ. ਪ੍ਰਸਾਰਣਾਂ ਲਈ ਵੀ ਸਾਡੀ ਸ਼੍ਰੋਮਣੀ ਕਮੇਟੀ ਕੋਲ ਗੁਰਮਤਿ ਪਰੰਪਰਾ ਦੇ ਕੀਰਤਨੀਏ ਦਿਨ ਵਿਚ ਦੀਵਾ ਲੈ ਕੇ ਨਜ਼ਰ ਨਹੀਂ ਆਉਂਦੇ ਇਹ ਨਵੇਂ ਪ੍ਰਬੰਧਾਂ ਦੀ ਦਿਸ਼ਾਹੀਣ ਤ੍ਰਾਸਦੀ ਹੈ।

ਪੰਜਾਬ ਉਤੇ ਅੰਗਰੇਜ਼ੀ ਰਾਜ ਕਾਇਮ (ਸੰਨ 1849)

ਹੋਣ ਤੋਂ ਅੱਠ ਸਾਲ ਬਾਅਦ ਹੀ ਨਾਮਧਾਰੀ ਪੰਥ ਹੋਂਦ ਵਿਚ ਆਇਆ ਜਿਸ ਨੇ ਖੰਡਰਾਤਾਂ ਵਿਚੋਂ ਸੰਤ ਖਾਲਸੇ ਦਾ ਨਵ ਨਿਰਮਾਣ ਸ਼ੁਰੂ ਕੀਤਾ। ਇਸ ਨਵਜੀਵਨ ਕ੍ਰਾਂਤੀ ਵਿਚ ਸਭ ਤੋਂ ਪਹਿਲਾਂ ਅੰਮ੍ਰਿਤ ਵੇਲੇ ਦੇ ਕੀਰਤਨ ਨੂੰ ਪੁਨਰਜੀਵਤ ਕੀਤਾ ਗਿਆ। ਆਸਾ ਦੀ ਵਾਰ ਨੂੰ ਢੋਲਕੀਆਂ ਛੈਣਿਆਂ ਦੀ ਗੂੰਜਾਰੀ ਵਿਚ 'ਵਾਰਾਂ' ਨਾਲ ਮਿਲਿਆ। ਨਾਮਧਾਰੀ ਪੰਥ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਜਿਸ ਪਿੰਡ ਜਾਂਦੇ ਉਥੇ ਸਵੇਰ 2-3 ਵਜੇ ਖੂਹਾਂ ਉਤੇ ਨਾਮਧਾਰੀਆਂ ਦੇ ਗੜਵੇ ਖੜਕਦੇ ਤੇ ਸਿੰਘ ਸ਼ਨਾਨ ਪਾਣੀ ਕਰਕੇ ਵਾਰਾਂ ਵਿਚ ਜੁੜ ਜਾਂਦੇ। ਅੰਮ੍ਰਿਤ ਵੇਲੇ ਦੀ ਨੀਰਵਤਾ ਵਿਚ ਢੋਲਕੀਆਂ ਛੈਣਿਆਂ ਦੀ ਗੂੰਜਾਰ ਵਿਚ ਗਫ਼ਲਤ ਦੀ ਨੀਂਦ ਵਿਚ ਸੁੱਤੇ ਲੋਕਾਂ ਦੀ ਨੀਂਦਰ ਖਰਾਬ ਹੋ ਹੀ ਜਾਂਦੀ ਤੇ ਲੋਕੀ ਕਹਿੰਦੇ 'ਨਾਮਧਾਰੀ ਕੂਕਾਂ ਮਾਰਦੇ ਹਨ।' ਸਚਮੁਚ ਨਾਮਧਾਰੀ ਪੰਥ ਦਾ ਬਾਨੀ ਕੂਕਾਂ ਮਾਰਨ ਦਾ ਹੀ ਪ੍ਰਬੰਧ ਆਰੰਭ ਰਿਹਾ ਸੀ ਤਾਂ ਜੁ ਰਾਜ ਖੁੱਸਣ ਦੀ ਗਿਲਾਨੀ ਅਤੇ ਗੁਰਮਤਿ ਤੋਂ ਗਾਫ਼ਿਲ ਸਿੱਖ ਸਮਾਜ ਜਾਗ ਜਾਏ। ਇਹ ਕੂਕਾਂ ਸੁੱਤੀ ਖਾਲਸਾਈ ਕਲਾ ਨੂੰ ਜਗਾ ਕੇ ਦਸ਼ਮੇਸ਼ ਦੇ ਆਤਮ ਬਲਿਦਾਨੀ ਚੇਤਨਾ ਨੂੰ ਸੁਰਜੀਤ ਕਰ ਰਹੀਆਂ ਸਨ। ਸਿੱਖ ਇਤਿਹਾਸ ਦੇ ਜਾਣਕਾਰ ਸ਼ਾਤਿਰ ਅੰਗਰੇਜ਼ੀ ਸਰਕਾਰ ਦੇ ਕੰਨ ਖੜ੍ਹੇ ਹੋ ਗਏ। ਉਹ ਨਹੀਂ ਸੀ ਚਾਹੁੰਦੇ ਕਿ ਸਿੱਖ ਕੌਮ ਵਿਚ ਦਸ਼ਮੇਸ਼ ਗੁਰੂ ਸਮੇਂ ਵਾਲੀ ਜਾਗ੍ਰਤੀ ਆਏ ਜਿਸਨੇ ਮੁਗਲ ਰਜ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ। ਜਦੋਂ ਨਾਮਧਾਰੀ ਪੰਥ ਦੇ ਬਾਨੀ ਨੇ 3 ਜੂਨ 1863 ਨੂੰ ਪਹਿਲੀ ਵਾਰੀ ਚਾਰ ਲਾਵਾਂ ਦੀ ਜੁਗਤਿ ਨਾਲ ਛੇ ਜੋੜਿਆਂ ਦੇ ਵਿਆਹ 'ਆਨੰਦ ਕਾਰਜ' ਨਾਮ ਕਰਣ ਜੁਗਤਿ ਨਾਲ ਕਰ ਦਿੱਤੇ ਤਦੋਂ ਬ੍ਰਾਹਮਣਾਂ-ਲਾਗੀਆਂ ਦੀ ਸ਼ਿਕਾਇਤ ਦੇ ਬਹਾਨੇ ਨਾਲ ਨਾਮਧਾਰੀ ਪੰਥ ਦੇ ਬਾਨੀ ਨੂੰ ਮੂਲ ਨਗਰ ਭੈਣੀ ਰਾਈਆਂ ਵਿਚ ਨਜ਼ਰ ਬੰਦ ਕਰ ਦਿੱਤਾ ਗਿਆ।

*ਪੇਖਿ ਨਿਕਟਿ ਕਰਿ ਸੇਵਾ ਸਤਿਗੁਰ*
*ਹਰਿ ਕੀਰਤਨ ਹੀ ਤ੍ਰਿਪਤਾਵੈ॥* (613)

ਗੁਰਬਾਣੀ ਅਤੇ ਗੁਰਬਾਣੀ ਕੀਰਤਨ ਦੇ ਖੁੱਲ੍ਹੇ ਪ੍ਰਚਾਰ ਨਾਲ ਨਾਮਧਾਰੀ ਪੰਥ ਨੂੰ ਕੂਕਾ ਪੰਥ ਤੇ ਕੂਕਾ ਲਹਿਰ ਕਿਹਾ ਗਿਆ। ਪੰਥ ਬਾਨੀ ਨੇ ਲੋਕਬਾਣੀ 'ਚੋਂ ਮਿਲੇ 'ਕੂਕਾ" ਨਾਮ ਨੂੰ ਸਤਿਕਾਰ ਸਮਝ ਕੇ ਸਵੀਕਾਰ ਕੀਤਾ। "ਕੂਕਾ ਲਹਿਰ" ਦੇ ਅਤਿਆਚਾਰੀ ਦਮਨ (ਸੰਨ 1872) ਤੋਂ ਬਾਅਦ ਨਾਮਧਾਰੀਆਂ ਦੇ ਕੀਰਤਨਾਂ ਤੇ ਵੀ ਥਾਂ ਥਾਂ ਬੰਦਿਸ਼ਾਂ ਲਾਈਆਂ ਗਈਆਂ। ਉਸ ਸਮੇਂ ਰੰਗੂਨ ਵਿਚੋਂ ਆਏ ਹੁਕਮਨਾਮਿਆਂ ਵਿਚ ਸਪਸ਼ਟ ਨਿਰਦੇਸ਼ ਦਿੱਤਾ ਗਿਆ ਕਿ ਕੰਮ ਕਾਰ 'ਚੋਂ ਵਿਹਲੇ ਹੋ ਕੇ ਰਾਤ ਨੂੰ ਜੋਟੀਆਂ ਦੇ ਸ਼ਬਦ ਜ਼ਰੂਰ ਪੜ੍ਹਿਆ ਕਰੋ। ਕੀਰਤਨ ਦੀ ਇਸ ਸਾਂਝ ਨਾਲ ਨਾਮਧਾਰੀ ਸਮਾਜ ਵਿਚ ਗੁਰਮਤਿ ਰਹਿਤ ਮਰਿਯਾਦਾ ਦੀ ਪਾਵਨਤਾ ਅੱਜ ਤਕ ਤੁਰੀ ਆਉਂਦੀ ਹੈ। ਸਾਰੇ ਸਿੱਖ ਸਮਾਜ ਵਿਚ ਨਾਮਧਾਰੀ ਪੰਥ ਹੀ ਐਸਾ ਹੈ ਜਿਸ ਨੇ ਗੁਰਮਤਿ ਕੀਰਤਨ ਪਰੰਪਰਾ ਅਤੇ ਤੰਤੀ ਸਾਜ਼ਾਂ ਦਾ ਪਰਚਮ ਫੜਿਆ ਹੋਇਆ ਹੈ। ਸੰਪ੍ਰਦਾਇਕ ਵਿਚਾਰ ਧਾਰਾ ਦੇ ਨਾਮ ਤੇ ਭਾਵੇਂ ਕਿਤਨੇ ਹੀ ਮਤਭੇਦ ਹੋਣ ਪਰ ਸਾਰੀ ਸਿੱਖ ਕੌਮ ਨਾਮਧਾਰੀਆਂ ਦੀ ਨਿਰਮਲ ਰਹਿਣੀ ਅਤੇ ਤੰਤੀ ਸਾਜ਼ਾਂ ਨਾਲ ਗੁਰਮਤਿ ਗੀਤ ਦੇ ਕੀਰਤਨ ਦੀ ਪ੍ਰਸੰਸਾ ਕਰਦੇ ਹੋਏ ਅਜਿਹੇ ਆਦਰਸ਼ਾਂ ਦੀ ਅਗਵਾਈ ਵੀ ਜ਼ਰੂਰ ਸਵੀਕਾਰਦੀ ਹੈ।

*ਅਨਦ ਸੂਖ ਬਿਸ੍ਰਾਮ ਨਿਤ*
*ਹਰਿ ਕੀਰਤਨੁ ਗਾਇ॥* (962)

ਗੁਰਧਾਮਾਂ ਦੀ ਵਿਸ਼ਾਲ ਉਸਾਰੀ ਤੇ ਵਿਕਾਸ ਲਈ ਬਾਬਾ ਗੁਰਮੁਖ ਸਿੰਘ ਦੇ ਰੂਪ ਵਿਚ ਕਾਰ ਸੇਵਾ ਦਾ ਜੋ ਬੀਜ ਪਾਇਆ ਸੀ ਉਹ ਵਿਸ਼ਾਲ ਬੋਹੜ ਬਣ ਗਿਆ ਹੈ। ਅੱਜ ਜ਼ਰੂਰਤ ਹੈ ਇਨ੍ਹਾਂ ਵਿਸ਼ਾਲ ਗੁਰਦੁਆਰੇ ਤੇ ਨਿਰਮਾਣ ਭਵਨਾਂ ਨੂੰ ਗੁਰਬਾਣੀ, ਗੁਰਮਤਿ ਰਹਿਣੀ ਤੇ ਗੁਰਮਤਿ ਕੀਰਤਨ ਸਿੱਖਿਆ ਪ੍ਰਚਾਰ ਪ੍ਰਸਾਰ ਦੀ, ਧਰਮ ਸ਼ਾਲਾਵਾਂ ਬਣਾਈਆਂ ਜਾਣ। ਗੁਰਧਾਮਾਂ ਦੇ ਨਿਰਮਾਣ ਨਾਲ ਜੁੜੀ ਕਾਰ ਸੇਵਾ ਸੰਸਥਾਵਾਂ ਨੂੰ ਗੁਰ ਸਿੱਖੀ ਨਿਰਮਾਣ ਦੀ ਕਾਰ ਸੇਵਾ ਵੱਲ ਉੱਲਰ ਪੈਣਾ ਚਾਹੀਦਾ ਹੈ। ਇਸ ਲਈ ਸਭ ਤੋਂ ਵੱਡੀ ਜ਼ਰੂਰਤ ਹੈ ਕਿ ਗੁਰਮਤਿ ਗੀਤ ਦੇ ਕੀਰਤਨ ਸਿਖਲਾਈ ਦੇ ਕ੍ਰਮ ਬੱਧ ਉਪਰਾਲੇ ਕੀਤੇ ਜਾਣ।

ਧੂਪੀਆ ਜੀ ਦੇ ਸੁਝਾਅ ਗੁਰਮਤਿ ਪਰੰਪਰਾ ਦੀ ਪੁਨਰਜਾਗ੍ਰਿਤੀ ਦਾ ਪ੍ਰਤੀਵੇਦਨ ਹੀ ਹਨ। ਵੱਖ ਵੱਖ ਥਾਵਾਂ ਤੇ ਕੁਝ ਉਪਰਾਲੇ ਹੋ ਵੀ ਰਹੇ ਹਨ ਅਤੇ ਅੱਜ ਜ਼ਰੂਰਤ ਹੈ ਕਿ ਅਜਿਹੇ ਉਪਰਾਲੇ ਕਰਨ ਵਾਲੇ ਅਦਾਰੇ, ਅਸਾਮੀਆਂ, ਟਕਸਾਲਾਂ, ਅਕਾਦਮੀਆਂ ਤੇ ਕੇਂਦਰ -ਇਕ ਮੰਚ ਤੇ ਇਕੱਠੇ ਹੋ ਕੇ ਇਸ ਸੇਵਾ ਲਈ ਹਰ ਸੰਭਵ ਸਹਾਇਕ ਬਾਂਹ ਨੂੰ ਫੜ ਲੈਣ। ਇਸ ਤਰ੍ਹਾਂ ਸਾਡਾ ਕੀਰਤਨ ਸਿੱਖਿਆ ਕੋਰਸ ਕ੍ਰਮ ਉਲੀਕ ਕੇ ਗੁਰਮਤਿ ਗੀਤ ਸੰਗੀਤ ਕੀਰਤਨ ਸਿਖਲਾਈ ਦੇ ਕੋਰਸ ਚਲਾਏ ਜਾਣ। ਧੂਪੀਆ ਜੀ ਨੇ ਰਿਕਾਰਡਿੰਗ ਕੀਰਤਨ ਦਾ ਜਿੰਨਾ ਭੰਡਾਰ ਇਕੱਠਾ ਕੀਤਾ ਸੀ ਉਹ ਅੰਮ੍ਰਿਤ ਕੀਰਤਨ ਦੇ ਸੰਸਥਾਪਕ ਡਾ. ਜਾਗੀਰ

ਸਿੰਘ ਜੀ ਕੋਲ ਆ ਗਿਆ ਹੋਵੇਗਾ। ਜੇਕਰ ਲੋੜ ਹੋਵੇ ਤਾਂ ਇਸ ਪਰਚੇ ਦੀ ਪ੍ਰਕਾਸ਼ਨ ਸੰਸਥਾ ਨੂੰ ਵਿਸਥਾਰ ਦੇ ਕੇ ਇਹ ਸਾਰਾ ਰਿਕਾਰਡ ਇਕ ਥਾਂ ਪ੍ਰਬੰਧ ਹੇਠ ਲੈ ਕੇ ਨਵੀਆਂ ਤਕਨੀਕਾਂ ਨਾਲ ਆਵਾਜ਼ ਸੁਧਾਰ ਕੇ (ਡਿਜ਼ੀਟਲ ਜੁਗਤ) ਸੀਡੀ ਤੇ ਐਮ.ਪੀ.-3 ਦੇ ਮਾਸਟਰ ਤਿਆਰ ਕਰਵਾਏ ਜਾਣ। ਧੂਪੀਆ ਜੀ ਦੀ ਅਰੰਭੀ ਸੇਵਾ ਨੂੰ ਜ਼ਰੂਰੀ ਹੈ ਨਵੀਨ ਤਕਨੀਕਾਂ ਨਾਲ ਸੁਧਾਰ ਕੇ ਕੀਤਾ ਜਾਵੇ। ਮੈਨੂੰ ਇਹ ਕਹਿਣ ਵਿਚ ਕੋਈ ਝੇਂਪ ਨਹੀਂ ਕਿ ਸੀਡੀਆਂ ਲਾਗਤ ਕੀਮਤ ਤੇ ਹੀ ਦੇਣੀਆਂ ਚਾਹੀਦੀਆਂ ਹਨ। ਜਿਹੜੇ ਫਰੀ ਸੇਵਾ ਦੇ ਇੱਛੁਕ ਹਨ ਉਹ ਆਪਣੇ ਢੰਗ ਨਾਲ ਸੇਵਾ ਕਰਦੇ ਜਾਣ। ਸੰਸਥਾਗਤ ਸਾਰੇ ਕਾਰਜ ਅਰਥ ਤੰਤ੍ਰ ਦੀ ਸੁਦ੍ਰਿੜਤਾ ਤੋਂ ਬਗੈਰ ਬੇਮੌਤ ਮਰ ਜਾਂਦੇ ਹਨ।

*ਸਾਧ ਸੰਗਤਿ ਕੀ ਜਾਣਉ ਟੇਕ॥*

*ਕਹੁ ਨਾਨਕ ਤਿਸੁ ਕੀਰਤਨੁ ਏਕ॥* (ਪੰਨਾ 885)

ਧੂਪੀਆ ਜੀ ਦੇ ਸੁਝਾਵਾਂ ਦੇ ਮੱਦੇ ਨਜ਼ਰ ਟੀ.ਵੀ ਚੈਨਲ ਅਤੇ ਐਫ.ਐਮ.ਰੇਡੀਓ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਜਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹੇਠ, ਹੀ ਸ਼ੁਰੂ ਕੀਤਾ ਜਾ ਸਕਦਾ ਹੈ। ਜਿਸ ਦੇ ਪ੍ਰੋਗਰਾਮਾਂ ਵਿਚ ਪੁਰਾਤਨ ਕੀਰਤਨ ਦੇ ਰਿਲੇਅ ਦਾ ਇਕ ਨਿਸ਼ਚਿਤ ਸਮਾਂ ਹੋਵੇਗਾ ਹੀ। ਆਨ ਲਾਈਨ ਕੀਰਤਨ ਸੰਗੀਤ ਸਿੱਖਿਆ ਦੇਣ ਦਾ ਪ੍ਰੋਗਰਾਮ ਉਲੀਕ ਕੇ ਧੂਪੀਆ ਸਾਹਿਬ ਦੇ ਦਿੱਤੇ ਸੁਝਾਵਾਂ ਅੰਕ 4 (ੳ, ਅ, ੲ, ਸ, ਹ) ਕਾਰਗਰ ਬਣਾਏ ਜਾ ਸਕਦੇ ਹਨ। ਅਜਿਹੀ ਆਨ ਲਾਈਨ ਸਿੱਖਿਆ ਪ੍ਰਣਾਲੀ ਜ਼ਿਆਦਾ ਖਰਚੀਲੀ ਨਹੀਂ ਸਗੋਂ ਸਾਰੇ ਉਪਰਾਲਿਆਂ ਨਾਲੋਂ ਸਸਤੀ ਹੈ। ਇਸ ਜੁਗਤਿ ਨਾਲ ਸੀਡੀ ਦੀ ਲਾਇਬ੍ਰੇਰੀ ਯੋਜਨਾ (4ਅ) ਗੁਰਦੁਆਰਿਆਂ ਵਿਚ ਐਲ.ਸੀ.ਡੀ. ਲਗਾ ਕੇ ਪ੍ਰੋਜੈਕਟਰ (4ੲ) ਦੀ ਪੂਰਤੀ ਹੋ ਜਾਵੇਗੀ। ਕਾਨਫਰੈਂਸਿੰਗ ਸੁਵਿਧਾ ਲਈ ਵਿਸ਼ੇਸ਼ ਥਾਵਾਂ 'ਤੇ ਬਣਾਈ ਜਾ ਸਕਦੀ ਹੈ। ਇਸ ਤਰ੍ਹਾਂ ਕੀਰਤਨ ਸੰਗੀਤ ਸਿਖਲਾਈ ਨੂੰ ਉਚੀ ਤੋਂ ਉਚੀ ਪੱਧਰ 'ਤੇ ਪ੍ਰਚਾਰਿਤ - ਪ੍ਰਸਾਰਿਤ ਕੀਤਾ ਜਾ ਸਕਦਾ ਹੈ।

ਧੂਪੀਆ ਜੀ ਨੇ ਰਾਗੀਆਂ-ਕੀਰਤਨੀਆਂ ਦੀ ਸਿੱਖਿਆ ਸੁਧਾਰ ਅਤੇ ਵਿਕਾਸ ਲਈ ਰੇਫਰੈਸ਼ਰ ਕੋਰਸਾਂ ਦਾ ਸੁਝਾਅ ਦਿੱਤਾ ਹੈ। ਵੱਡੇ ਗੁਰਧਾਮਾਂ ਵਿਚ ਆਨ ਲਾਈਨ ਸਿੱਖਿਆ ਅਤੇ ਕਾਨਫਰੈਂਸਿੰਗ ਦੀ ਸੁਵਿਧਾ ਨਾਲ ਇਹ ਕੋਰਸ ਅਜਿਹੇ ਗੁਰਧਾਮਾਂ ਵਿਚ ਨੌਕਰੀ ਕਰ ਰਹੇ ਕੀਰਤਨੀਆਂ ਲਈ ਲਾਜ਼ਮੀ ਕੀਤੇ ਜਾਣ। ਮਗਰੋਂ ਕਰੜੀ ਪਰੀਖਿਆ ਲੈ ਕੇ ਹੀ ਸਾਲਾਨਾ ਤਰੱਕੀ (4ਸ) ਆਦਿਕ ਦਾ ਪ੍ਰਾਵਧਾਨ ਮਿਥਿਆ ਜਾ ਸਕਦਾ ਹੈ। ਧੂਪੀਆ ਜੀ ਦਾ ਐਡੀਟੋਰੀਅਲ ਦਾ ਸੁਝਾਅ (4ਹ) ਵੀ ਕਾਬਿਲੇ ਗੌਰ ਹੈ। ਆਨ ਲਾਈਨ ਸੰਗੀਤ ਸਿੱਖਿਆ ਦਾ ਪ੍ਰਬੰਧ 30 ਤੋਂ 150 ਸੀਟਾਂ ਵਾਲੇ ਕਮਰੇ ਵਿਚ ਹੀ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਕੀਰਤਨ ਸੰਗੀਤ ਸਿੱਖਿਆ ਦੇ ਕੋਰਸਾਂ ਦਾ ਮਾਣਕੀਕਰਨ ਕਰਕੇ ਹਰੇਕ ਰਾਗੀ ਕੀਰਤਨੀਏ (ਜਵਾਨ ਤੋਂ ਬਜ਼ੁਰਗ ਸਾਰਿਆਂ) ਨੂੰ ਅਜਿਹੀ ਕੇਂਦਰੀ ਸੰਸਥਾ ਤੋਂ ਆਪਣੀ ਸਮਰੱਥਾ ਅਤੇ ਅਭਿਆਸ ਗਿਆਨ ਅਨੁਸਾਰ ਡਿਲੋਮਾ-ਡਿਗਰੀ ਲੈਣ ਲਈ ਉਤਸ਼ਾਹਿਤ ਕੀਤਾ ਜਾਵੇ।

ਇਹ ਵੀ ਕੁਦਰਤ ਦਾ ਕ੍ਰਿਸ਼ਮਾ ਹੈ ਕਿ ਧੂਪੀਆ ਜੀ ਨੇ ਆਪਣੇ ਸੁਪਨਿਆਂ ਨੂੰ ਸੰਕਲਪ ਰੂਪ ਦੇਣ ਲਈ ਅੰਮ੍ਰਿਤ ਕੀਰਤਨ ਨੂੰ ਚੁਣਿਆ। ਇਹ ਵੀ ਹੁਕਮ ਰਜ਼ਾ ਦਾ ਸੰਕੇਤ ਹੀ ਸਮਝਿਆ ਜਾਵੇ ਕਿ ਉਨ੍ਹਾਂ ਨੇ ਆਪਣੇ ਉਮੜਦੇ ਵਿਚਾਰਾਂ ਨੂੰ ਕਲਮ ਬੱਧ ਕਰਕੇ ਅੰਮ੍ਰਿਤ ਕੀਰਤਨ ਵਿਚ ਛਪਣ ਲਈ ਭੇਜਿਆ। ਮੇਰੀ ਨਿੱਜੀ ਰਾਏ ਤਾਂ ਇਹ ਹੈ ਕਿ ਡਾ. ਜਾਗੀਰ ਸਿੰਘ ਜੀ ਨੂੰ ਆਪਣੀ ਮੂਲ ਤੇ ਸੰਖੇਪ ਜ਼ਿੰਮੇਵਾਰੀ ਨੂੰ ਹੁਣ ਵਿਸਥਾਰ ਦੇਣਾ ਚਾਹੀਦਾ ਹੈ। ਨਿੱਜੀ ਤੌਰ 'ਤੇ ਕੀਰਤਨੀਏ ਪਰਿਵਾਰ ਤੇ ਪਰਿਵੇਸ਼ ਵਿਚ ਉਨ੍ਹਾਂ ਦੇ ਸਬੰਧ ਹਰੇਕ ਗੁਰਮਤਿ ਸੰਸਥਾ ਨਾਲ ਪਹਿਲਾਂ ਹੀ ਜੁੜੇ ਹੁੰਦੇ ਹਨ। ਉਨ੍ਹਾਂ ਨੂੰ ਆਪਣੇ ਮੰਚ ਦਾ ਵਿਸਤਾਰ ਕਰਨ ਵਿਚ ਕੋਈ ਰੁਕਾਵਟ ਆਉਣ ਦੀ ਸੰਭਾਵਨਾ ਵੀ ਨਜ਼ਰ ਨਹੀਂ ਆਉਂਦੀ। ਇਸ ਸੰਸਥਾਗਤ ਵਿਕਾਸ ਵਿਚ ਅੰਮ੍ਰਿਤ ਕੀਰਤਨ ਪਤ੍ਰਿਕਾ ਦੀ ਨਵੀਂ ਨੁਹਾਰ ਬਣੇਗੀ ਅਤੇ ਇਸ ਦਾ ਅਕਾਦਮਿਕ ਮੁਲਾਂਕਣ ਨਵੇਂ ਸਿਖਰਾਂ ਵੱਲ ਵਧੇਗਾ।

*ਐਸਾ ਕੀਰਤਨ ਕਰਿ ਮਨ ਮੇਰੇ*

*ਈਹਾ ਊਹਾ ਜੋ ਕਾਮਿ ਤੇਰੈ॥ ਰਹਾਉ॥* (ਪੰਨਾ 236)

ਹਰਿਮੰਦਰ ਸਾਹਿਬ ਵਿਚ ਡਾ. ਗੁਰਨਾਮ ਸਿੰਘ (ਡਾ. ਜਾਗੀਰ ਸਿੰਘ ਜੀ ਦੇ ਛੋਟੇ ਭਰਾ) ਅਤੇ ਪ੍ਰੋ: ਕਰਤਾਰ ਸਿੰਘ (ਕੀਰਤਨ ਅਕਾਦਮੀ ਅਨੰਦਪੁਰ ਸਾਹਿਬ) ਨੇ ਕੀਰਤਨ ਚੌਕੀਆਂ ਦੀਆਂ ਹਾਜ਼ਰੀਆਂ ਭਰ ਕੇ ਕੀਰਤਨ ਪ੍ਰੇਮੀ ਸੰਗਤਾਂ ਵਿਚ ਆਸ ਦੀਆਂ ਕਿਰਨਾਂ ਜਗਾਈਆਂ ਹਨ। ਅਜਿਹੀ ਸੇਵਾ ਨੂੰ ਠੋਸ ਧਰਾਤਲ ਦੇਣਾ ਵੀ ਜ਼ਰੂਰੀ ਹੈ। ਪਿੱਛੇ ਜਿਹੇ (ਸ਼ਾਇਦ ਫਰਵਰੀ ਤੀਸਰਾ ਚੌਥਾ ਹਫ਼ਤਾ) ਪ੍ਰੋ: ਕਰਤਾਰ ਸਿੰਘ ਜੀ ਮਧੁਰ ਕੀਰਤਨ ਕਰਦੇ (ਟੀਵੀ ਰਿਲੇ ਵਿਚ ਦੇਖੇ) ਪ੍ਰੋਫੈਸਰ ਸਾਹਿਬ ਨਾਲ ਮਗਰੋਂ ਜੋ ਦੋ ਸਾਥੀ ਪ੍ਰੇਮੀ ਗਾਇਨ ਕਰਦੇ ਸਨ ਉਨ੍ਹਾਂ ਦੋਨਾਂ ਦੀ ਆਵਾਜ਼ ਦੀ ਪੂਰੀ

ਮਿਲਤ ਨਹੀਂ ਸੀ ਅਤੇ ਉਨ੍ਹਾਂ ਦੇ ਗਾਇਨ ਵਿਚ ਸਿੱਖਿਆ ਲੈ ਰਹੇ ਵਿਦਿਆਰਥੀ ਹੋਣ ਦਾ ਆਭਾਸ ਸਪਸ਼ਟ ਹੋ ਰਿਹਾ ਸੀ। ਅਜਿਹੇ ਸ਼੍ਰੇਸ਼ਟ ਉਸਤਾਦ ਨੂੰ ਇਸ ਸ੍ਰੇਸ਼ਟ ਗੁਰੂ ਧਾਮ ਵਿਚ ਕੀਰਤਨ ਹਾਜ਼ਰੀ ਭਰਦੇ ਹੋਏ ਆਪਣੇ ਗੁਣ ਦਾ ਸਰਬੋਤਮ ਪ੍ਰਗਟਾਵਾ ਕਰਦੇ ਹੋਏ ਜਥੇ ਵਿਚ ਪੂਰੇ ਅਭਿਆਸੀ ਮਿਲੌਤ ਵਾਲੇ ਗਾਇਕ ਹੀ ਰੱਖਣੇ ਚਾਹੀਦੇ ਹਨ।

ਸ੍ਰਿਸ਼ਟੀ ਦੀ ਉਤਪਤੀ -ਸਥਿਰਤਾ ਤੇ ਪ੍ਰਲੈ ਵਿਚ ਪ੍ਰਕਾਸ਼ ਤੇ ਸੰਗੀਤ ਦਾ ਇਕ ਨਿਸ਼ਚਿਤ ਅਨੁਸ਼ਾਸਨ ਅਸੀਂ ਸੂਰਜ ਚੰਨ ਦੀ ਨਿਯਮਿਤ ਗਤੀ ਸੇਵਾ ਨਾਲ ਜੋੜ ਕੇ ਪ੍ਰਤੱਖ ਅਨੁਭਵ ਕਰ ਸਕਦੇ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਆਤਮ ਪ੍ਰਕਾਸ਼ ਦੇ ਮਾਰਗ ਦੀ ਸੋਝੀ ਦੇਣ ਲਈ ਉਦਾਸੀਆਂ ਲਈ ਨਿਕਲੇ ਤਾਂ ਰਬਾਬੀ ਮਰਦਾਨੇ ਨੂੰ ਗੁਰਬਾਣੀ ਗਿਆਨ ਨੂੰ ਨਾਦ ਸੰਗੀਤ ਨਾਲ ਸੰਯੁਕਤ ਕਰਨ ਲਈ ਹੀ ਨਾਲ ਤੋਰਿਆ ਸੀ। ਗੁਰਬਾਣੀ ਵਿਚ ਕੀਰਤਨ ਦੀ ਉਪਮਾ ਨੂੰ ਕੰਨਾਂ ਦੇ ਸ੍ਰਵਣ ਨਾਦ ਤੋਂ ਅਨਾਹਦ ਨਾਦ ਦੇ ਅਗੰਮੀ ਸੰਗੀਤ ਜਾਂ ਨਿਰਬਾਨ ਕੀਰਤਨ ਨਾਲ ਜੋੜਿਆ ਗਿਆ ਹੈ। ਇਸ ਲਈ ਗੁਰਸਿਖੀ ਗੁਰਮਤਿ ਗੁਰਬਾਣੀ ਪ੍ਰਚਾਰ ਤੇ ਆਤਮ ਪ੍ਰਕਾਸ਼ ਦਾ ਅਧਾਰ ਕੀਰਤਨ ਹੀ ਹੈ।

*ਗੁਰਬਾਣੀ ਸੁਨਤ ਮੇਰਾ ਮਨ ਦ੍ਰਵਿਆ*
*ਮਨੁ ਭੀਨਾ ਨਿਜ ਘਰ ਆਵੈਗੋ।*
*ਤਹ ਅਨਹਦ ਧੁਨੀ ਬਜਹਿ*
*ਨਿਤ ਬਾਜੇ ਨੀਝਰ ਧਾਰ ਚੁਆਵੈਗੋ।* (ਕਾਨੜਾ 1308)

*162 ਏ, ਗਰੇਨ ਮਾਰਕੀਟ, ਮਧਿਆ ਮਾਰਗ, ਚੰਡੀਗੜ੍ਹ*

# सांगीतिक परिवेश में पल्लवित पौराणिक काल

संतोष नागर

परम्परायें और संस्कृति ही किसी भी राष्ट्र अथवा देश की पहचान होती हैं क्योंकि यही परम्परायें और संस्कृति सामाजिक जीवन की मूल चेतना होती हैं। सब प्रकार की परम्पराओं को सुरक्षित एवं जीवित रखने में विभिन्न कलाओं का विशेष योगदान होता है फिर ये परम्परायें चाहें सामाजिक हों या धार्मिक। कला और साहित्य एक संदेशवाहक के समान संस्कृति को एक पीढ़ी से दूसरी पीढ़ी में स्थानांतरित करते हैं। भारतीय संस्कृति, जो कि मूलत: धर्म-प्रधान है जिसको समय-समय पर विभिन्न आचार्यों, विद्वानों, बुद्धिजीवियों व सन्तों-भक्तों ने अपने ज्ञान रुपी अमृत से इसे शुद्ध किया। इस बात का प्रमाण हिन्दु धर्म-शास्त्र व ग्रन्थ तथा पुराण हैं। भारतीय संस्कृति का प्रथम रुप वैदिक युग के वाङ्मय में उपलब्ध है। वैदिक वाङ्मय का गौरव इस बात में है कि संसार की प्राचीन संस्कृतियों में से एक का सम्पूर्ण दिव्यदर्शन करते हुए समकालीन अन्य प्राचीन संस्कृतियों के सम्बन्ध में अमूल्य सामग्री इससे उपलब्ध होती है। भारतीय परम्परानुसार 'वेद' अपौरुषेय है। भारतीय वाङ्मय में वेद सबसे प्राचीन है। इनका उद्‌भव मानव जाति के जन्म के साथ ही हुआ माना जाता है। वास्तव में वेद संसार भर में सबसे प्राचीन उपलब्ध ग्रन्थ है। धर्म व संगीत समिश्रित परम्परायें आगे चलकर लगभग समस्त भारतीय साहित्य में प्राण की भांति संचारित हुई और इन दोनों ही तथ्यों ने साहित्य और कला को अपने पाश में बाँधे रखा। रामायण, महाभारत, पुराण इत्यादि महाकाव्य ग्रन्थ इस बात का प्रत्यक्ष प्रमाण हैं। ये तीनों ही भारतीय इतिहास के महत्त्वपूर्ण अंग माने गये है।

" पुराण जो इतिहास का शरीर माना जाता है और एक प्रकार से इतिहास की सूची प्रस्तुत करता है।" [1]

पुराण भारतीय वाङ्मय का एक प्रधान अंग है। इनमें साम्प्रदायिकता का वैशिष्ट्य है इसी कारण आधुनिक आलोचकों ने पुराण साहित्य को कोई विशेष महत्त्व नहीं दिया। परन्तु फिर भी परम्पराओं और ऐतिहासिक दृष्टि से पुराण जैसा दूसरा कोई साहित्य भारतीय वाङ्मय में उपलब्ध नहीं है। शास्त्र निपुण ब्राह्मण जो कि उपनिषदों व वेदों का प्रज्ञय ज्ञाता हो, अगर पुराणों के बोध से अनभिज्ञ है तो शास्त्र निपुण माना नहीं जा सकता।

**पुराण का शाब्दिक महत्व:-**

साधारण भाषा में पुराण शब्द का अर्थ ' पुराना' से लिया जाता है और संभवत: 'पुराना' शब्द पुराण का ही विकृत रुप है।

"पुराणां पुरा भवम्।" [2]

अर्थात् पहले का।

" पुरा परम्परां वक्ति पुराणां तेन वै स्मृ तमू।"

अमरकोष, निरुक्ति व पदमकोष से पुराण शब्द की इन निरुक्तियों से पता चलता है कि पुराण शब्द का ऐतिहासिक और शास्त्रीय दृष्टि से बड़ा महत्त्वपूर्ण स्थान रहा है। पुराण शब्द ' पुरावृत्त' का द्योतक है तथा प्राचीन इतिहास का संकेत करता है।

आधुनिक आलोचकों की दृष्टि में इस पुराण शब्द का अर्थ गिरने का कारण संभवत: अंग्रेजी भाषा का शब्द Mythology है जिसका अर्थ अंग्रेजी में बड़ा व्यापक है। इस शब्द के अर्थ के अन्तर्गत सभी प्राचीन दंतकथायें,

प्राचीन कथायें, परम्परायें, देवी-देवताओं व दिव्य पुरुषों का जीवन वृत्तांत, सृष्टि रचना सम्बन्धी सभी बातें आ जाती है।

पुराणों के सामान्यविषयः-

विषय-विवेचन की सामान्य दृष्टि से पुराण को दो भागों 1. आलौकिक तथा दिव्य घटनाएँ तथा 2.परम्पराएँ और वंशावलियां, में बांट सकते हैं। आलौकिक घटनाओं के वर्णन में बह्मा के सगुण रुप के विवेचन ने अवतारवाद को पुराणों का विशेष अंग बना दिया। ब्रह्मा, शैव, शाक्त, भागवत इत्यादि लगभग सभी पुराणों में ब्रह्मा के विभिन्न रुपों व अवतारों की चर्चा की गई है। पुराणों में वर्णित इन आलौकिक कथाओं और अवतारों के महात्म्य के सूत्र वैदिक साहित्य में भी उपलब्ध है। जोकि एक अचम्भित कर देने वाली बात है।

मनुसंहिता आश्वलायन गृह्यसूत्र और महाभारत से प्राप्त तथ्यों से ज्ञात होता है कि पुराण संख्या में कई रहे होंगे। विष्णु पुराण में इस संकलन के विषय में स्पष्ट किया गया है। "इसके बाद पुरणार्थ विशारद् भगवान वेदव्यास ने आरव्यान, उपारख्यान गाथा और कल्प-शुद्धि के साथ पुराण संहिता की रचना की। व्यास का सूतजातिय लोमहर्षण नाम का एक विख्यात शिष्य था। महामुनि व्यास ने उसको पुराण-संहिता दी।"

सब पुराणों में सबसे पुराना पुराण ब्रह्मापुराण कहलाता है। पुराणविदों ने पुराणों की संख्या 18 निर्दिष्ट की है।" इन 18 पुराणों के अतिरिक्त कुछ उपपुराण भी प्रसिद्ध है। हो सकता है मुख्य 18 पुराण, प्रारम्भिक पुराण संहिता के ही विभाग हो और आगे चलकर ये 18 पुराण अन्य 18 भागों में विभाजित होकर उपपुराण के रुप में प्रसिद्ध हुए है। ब्राह्म पुराण, सकंदपुराण, पद्य पुराण, बराह पुराण, विष्णु पुराण, मार्कण्डेय पुराण, शिव पुराण, वामन पुराण, श्रीमद्भागवत महापुराण, कुर्य पुराण, वायु पुराण, मातस्य पुराण, आग्नि पुराण, लिंग पुराण, नारदीय पुराण, गुरुड़ पुराण, ब्रह्मा-वैवर्त-महापुराण, हरिवंश पुराण।

हरिवंश काल में अप्सराओं, गान्धर्वों. सूतों व मागधों इत्यादि कलाकारों को विशेष सम्मान प्राप्त था। विभिन्न उत्सवों व कार्यक्रमों में नृत्य-गीतादि का प्रदर्शन किया जाता था। " हरिवंश के अनुसार श्री कृष्ण की सभा में गन्धर्व, अप्सरा, सूत, मागध आदि कलाकारों को स्थान प्राप्त था। विशिष्ट प्रसंगों पर गन्धर्व तथा अप्सराओं की योजना नृत्य तथा गीत के लिए की जाती थी और सूत, मागध और बन्दियों को स्तुति-गान के लिए नियोजित किया जाता था।"

" हरिवंश में ऋक्, यजु तथा साम के सांग तथा सरहस्य होने के सम्बन्ध में उल्लेख प्राप्त है।" [5]

विप्रों के द्वारा पर्वो पर पवमान तथा इन्द्रप्रोक्त नामक साम का गान किये जाने का उल्लेख निम्न श्लोको में उपलब्ध है।

" यजते पुष्करे ब्रह्मा मेधया सह संगतः। इन्द्रप्रोक्तानि सामानि गीयन्ते ब्रह्मवादि भिः।"[6]

हरिवंश पुराण में यज्ञादि के अवसर पर लोगों के मनोरंजन के भी नृत्य, नाट तथा गीत संगीत का कार्यक्रम आयोजित किये जाने का वर्णन है। इस अवसर पर गाथा नामक गीतों का गान किया जाता था जो कि विशेषकर परम्परागत गीत थे तथा उनका गायन यज्ञ के अतिरिक्त लौकिक समारोहों पर कुशल गायकों द्वारा किया जाता था। हरिवंश पुराण में गीत वाद्य तथा नृत्य तीनों कलायों के समावेश को गान्धर्व कहा जाता था।

गन्धर्व, किन्नर तथा अपस्त्रायें यह तीनों ही वर्ग गीत, वाद्य तथा नृत्य में प्रवीण थे व श्रोताओं को मंत्रमुग्ध करने में सक्षम थे। हरिवंश में नारद संगीत की वैदिक तथा गान्धर्व दोनों प्रणालियों में निपुण बतलाए गये हैं। ये चारों वेदों के गायक तथा गान्धर्व को विद भी हैं।

भोज के श्रृंगार प्रकार (ई.11) के अनुसार छालिक्य एक विशिष्ट नृत्य प्रकार है, जिसमें एक ही नर्तकी का नृत्य प्रचलित होता है। कालीदास ने चलित अथवा छलित नृत्य का वर्णन किया है जो विशिष्ट गीत के अनुकूल होता था जिसका अभिनय एक ही नर्तकी के द्वारा किया जाता था। हरिवंश में छालिक्य गान्धर्व का विवरण छालिक्य क्रीडा वर्णन के अन्तर्गत किया गया है। उस विवरण से स्पष्ट है कि गोप-जाति के सामूहिक समारोहों पर गाया जाने वाला यह नृत्य गीत था। इस गीत को गाकर सभी नर नारी नृत्याभिनय करते थे। छालिक्य गीत की प्रमुखता के कारण इस समस्त क्रीड़ा को ' छालिक्य क्रीड़ा' नाम दिया गया है।

छालिक्य गान के साथ हल्लीसक का आरम्भ श्री कृष्ण ने किया

'' हल्ली सकं तु स्वपमेव कृष्णः सवं शधोषं नरदेव पार्थः। [7]

श्री कृष्ण के द्वारा वंशी के साथ हल्लीसक प्रारम्भ किया गया। वंशी के साथ दूसरा कोई वाद्य उनके द्वारा बजाया जाता हो ऐसा कोई प्रमाण उपलब्ध नहीं है।

अभिनवगुप्त के अनुसार ' हल्लीसक' एक नृत्य प्रकार है, जिसमें नर्तकगण मण्डलाकार में नृत्य करते है।

भोज के सरस्वती-कण्ठाभरण में हल्लीसक का निम्न लक्षण पाया जाता है-

''मण्डलेन तु यन्नृत्तं हल्लीसकमिति समृतम्।
एकस्तत्र तु नेता स्याद् गोपस्त्रीणां यथा हरिः॥
तदिदं हल्लीसवमेव तालबन्ध विशेषयुक्तं रास एवेत्युच्चे''।

इससे सपष्ट है कि हल्लीसक एक प्रकार सामूहिक नृत्य था जो कि रस युक्त था अतः इसे रास-नृत्य भी कहा जा सकता है जिसमें युवतियाँ वर्तुलाकार खड़ी रहकर गायन तथा नृत्य करती हैं और गीत-क्रम के अनुसार नृत्य के अन्तर्गत नानाविध एवं नवनवीन आकृतियों को रचा जाता है। समस्त गोपियाँ शरचन्द्र से सुशोभित निशा में एक पंक्ति में खड़ी रहकर श्री कृष्ण को निर्मिमिष नेत्रों से देखती हुई कृष्ण-लीला का युगल गान कर रही थी। '' जल क्रीड़ां के अवसर पर किये जाने वाले संगीतायोजन का उल्लेख हरिवंश पुराण में पाया जाता है।'' [9]

हरिवंश पुराण में केवल गायन-वादन व नृत्य ही नहीं अपितु नाट्यकला के सम्बन्ध में भी प्रचुर सामग्री उपलब्ध है।' नाटक ननृतु': 'प्रकरणं ननृतुः' आदि पदावलियों से स्पष्ट है कि तत्कालीन नाटक, प्रकरण आदि रुपक-प्रकारों में नृत्य का बहुत प्रयोग होता था। नाटक का मुख्य विषय रामायण, महाभारत तथा गंगावतरण इत्यादि की कथायें होती थीं। नाटक को ' प्रेक्षा' के नाम से भी जाना जाता था। '' पुरुष तथा महिलाएँ दोनों ऐसे नाटकों में भूमिकाभिनय करते थे। नाटकों में संगीत का मुख्य स्थान होने के कारण नट, नटी आदि अभिनेताओं के लिए संगीत कौशल आवश्यक माना जाता था।'' [10]

प्राचीनतम पुराणों में से एक, वायु पुराण प्राचीन संगीत के ऐतिहासिक अनुसंधान की दृष्टि से निश्चय ही सहायक है। इसका उपलब्ध संस्करण 5वीं इ. तक निर्णीत है। कुछ लोग वायु पुराण और शिव पुराण को एक ही समझते है। वायु पुराण में केवल गन्धर्वों व अप्सरायों इत्यादि के संगीत प्रेमी होने का ही वर्णन नहीं है अपितु, इस पुराण में शिव की संगीत प्रियता का भी उल्लेख है। शिव की अराधना हेतु वैदिक तथा लौकिक, गीतियों का प्रयोग शिव के संगीत प्रेमी होने को दर्शाता है। दक्षशाप वर्णन में शिव कहते है कि रथन्तर साम का गान उन्हीं को प्रसन्न करने के लिए किया जाता है। वायु पुराण में शिव के नृत्याचार्य होने के विषय में लिखा गया तथा नाट्य का उपहार पाने से वो प्रसन्न हो जाते है ऐसा वर्णन है।

"प्रजापति ने स्वयं भू के द्वारा उत्पादित निषाद को देखकर अन्य सृष्टि रचने का संकल्प किया। निषाद की तीव्र तपस्या को देखकर ब्रह्मा के द्वारा 'निषीदत' अर्थात् बैठ जाओ कहे जाने से उसकी संज्ञा निषाद पड़ी।" [11]

मार्कण्डेय पुराण के 23वें अध्याय में संगीत विषयक सामग्री मिलती है। इसमें संगीत विषयक बातें सरस्वती और नागराज अश्वतर के बीच में संवाद के रुप में दीगई है। अश्वतर के साथ कम्बल का भी उल्लेख है। संगीत रत्नाकर तथा अन्य संगीत ग्रन्थों में अश्वतर और कम्बल दोनों प्राचीन संगीत के आचार्य माने गए हैं। सरस्वती ने इन्हें जो कुछ बतलाया वह सब संगीत आधार है। सात स्वर षड़ज, रिषभ, गंधार, मध्यम, पंचम, धैवत, निषाद सर्वविदित है। सात ग्राम रागों के विषय में मैंने नारदीय शिक्षा में संक्षेप में लिखा है।

विष्णुधर्मोतर पुराण की गिनती महापुराणों में नहीं है। यह एक उपपुराण समझा जाता है। इसके तीन खण्ड है। विष्णुधर्मोतर पुराण के 18वें अध्याय में गीत का वर्णन है और 19वें अध्याय में वाद्यों का।

निष्कर्ष के रुप मे संगीत संबंधी तथ्यों का संकलन विभिन्न पुराणों के आधार पर किया जा सकता है। साम तथा गान्धर्व दोनों का स्वतंत्र अस्तित्व पुराणों में व्यक्त हुआ है। साम का गायन वैदिक परम्परा से सम्बद्ध होते हुए श्राद्धादि पितृकार्यों पर किए जाने के कारण तमोगुण सम्पन्न बतलाया गया है। इसी कारण साम की ध्वनि को अशुचि माना गया हो, तो आश्चर्य की बात नहीं। श्राद्धकल्प के अन्तर्गत ब्रह्मवादियों के द्वारा पितृगाथाओं तथा वीर पुरुषों की गाथाओं को गाने की प्रणाली उस समय विद्यमान थी। गान्धर्व का सम्बन्ध प्राय: लौकिक प्रसंगो पर आयोजित गीत वाद्य-नृत्य से रहा है। गान्धर्व के अन्तर्गत जाति तथा राग दोनों का प्रचलन पुराणों से प्रमाणित होता है। वाद्यों के अन्तर्गत वीणा तथा वेणु का प्रमुख स्थान है और इनका वादन लौकिक तथा पारमार्थिक दोनों कार्यों के लिए होता रहा है। ग्राम, मूर्च्छना, तान आदि के साथ मुद्रक, उल्लोप्यक आदि सप्त गीतों का विकास इस समय हो चुका था। इन गीतों के गायन में स्वर, पद तथा लय तीनों का तुल्य महत्व माना जाता था। लौकिक समारोहों पर गीत, वाद्य, तथा नृत्य के लिए शरीर सौष्ठव मूलभूत आवश्यक्ता मानी जाती थी। रुप-सम्पद् तथा गुण वैभव से युक्त नृत्य ही यथार्थत: नृत्य कहलाता है, तदतिरिक्त नृत्य केवल अंग संचालन मात्र होते हुए नृत्यकला की श्रेष्ठ उपाधि पाने का अधिकारी नहीं, ऐसी मान्यता तत्कालीन संगीतज्ञों में प्रचलित थी।

## संदर्भ ग्रन्थ सूची


1. भागवत-दर्शन डा. हरवंश लाल शर्मा, -पृष्ठ-27
2. प्रभचन्द्र कोष, सम्पादक गणेश दत्तशास्त्री, -पृष्ठ-320
3. पद्मपुराण, 1-2-53
4. भविष्य पर्व 115, 4-5 ।
5. विष्णु पर्व 109, 7-8 ।
6. तैतिरीय उपनिषद में इन्द्रप्रोक्त साम का उल्लेख 'अहमन्नयहन्न' इस प्रकार पाया जाता है। द्र 'हरिवंश' मराठी अनुवाद, भविष्य पर्व -पृष्ठ-67
7. श्री मद्भागवत पुराण (कथा-सुख सागर, सम्पादक विनय कुमार अवस्थी), -पृष्ठ-54
8. द्र. पृ. 309; उद्धृत,हर्षचरित, सांस्कृतिक, अध्ययन-अग्रवालकृत (डा. वासुदेवशरण अग्रवाल) -पृष्ठ-33
9. वि. प. 89, 41-54 ।
10. वि. प. , 92, 48-50, 60, 93, 32, 93, 58-60
11. वायु पुराण ॥ 21, 49 ॥


*नृत्य विभागाध्यक्षा, ए.पी.जे कालॅज आफ फाइन आर्ट्स, जालन्धर।*

# ਸੁਰ ਲਿਪੀ

## ਹਰਦੀਪ ਕੌਰ

***ਰਾਗੁ ਜੈਤਸਰੀ***

ਜੈਤਸਰੀ ਇਕ ਪ੍ਰਾਚੀਨ, ਅਪ੍ਰਚਲਿਤ, ਗੰਭੀਰ ਅਤੇ ਕਠਿਨ ਰਾਗ ਹੈ ਜਿਸ ਦੀ ਗਾਇਕੀ ਕੇਵਲ ਮਹਾਨ ਗਾਇਕਾਂ ਦੇ ਹਿੱਸੇ ਆਈ ਹੈ। ਇਸ ਵਿਚ ਜੈਤ ਅਤੇ ਸਿਰੀ ਰਾਗ ਦਾ ਮੇਲ ਹੈ ਅਤੇ ਪੂਰਵਾਂਗ ਵਿਚ 'ਸ ਗ ਪ ਪਗ ਰੁਸ' ਜੈਤ ਅੰਗ ਅਤੇ ਉਤ੍ਰਾਂਗ ਵਿਚ 'ਮ॑ਪ ਨ ਸਂ ਰੁਂਨ ਧੁਪ' ਸਿਰੀ ਰਾਗ ਦਾ ਅੰਗ ਹੈ। ਪੂਰਵੀ ਥਾਟ ਦੇ ਇਸ ਰਾਗ ਵਿਚ ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ ਅਤੇ ਬਾਕੀ ਸੁਰ ਸ਼ੁਧ ਲਗਦੇ ਹਨ। ਆਰੋਹ ਵਿਚ ਰਿਸ਼ਭ ਅਤੇ ਧੈਵਤ ਵਰਜਿਤ ਹਨ। ਅਵਰੋਹ ਵਿਚ ਸੱਤ ਸੁਰ ਲੱਗਣ ਕਰਕੇ ਇਸ ਦੀ ਜਾਤੀ ਔਡਵ-ਸੰਪੂਰਨ ਹੈ। ਵਾਦੀ ਗੰਧਾਰ ਅਤੇ ਵਾਦੀ ਨਿਸ਼ਾਦ ਹਨ। ਇਸ ਦੇ ਗਾਉਣ ਦਾ ਸਮਾਂ ਦਿਨ ਦਾ ਚੌਥਾ ਪਹਿਰ ਹੈ। ਇਸ ਦੀ ਨੇੜਤਾ ਰਾਗ ਪੁਰੀਆ ਧਨਾਸਰੀ ਨਾਲ ਹੈ। ਜੈਤਸਰੀ ਵਿਚ 'ਪ ਮ॑ਧੁ ਮ॑ਗ ਮ॑ਗ ਰੁ ਸ' ਜਾਂ 'ਸ ਸ ਗ ਗ ਪ' ਦਾ ਪ੍ਰਯੋਗ ਜ਼ਿਆਦਾ ਹੁੰਦਾ ਹੈ।

***ਥਾਟ*** - ਪੂਰਵੀ (ਰੁ, ਧੁ ਕੋਮਲ ਅਤੇ ਮ॑ ਤੀਵਰ)

***ਜਾਤੀ*** - ਔਡਵ-ਸੰਪੂਰਨ (ਆਰੋਹ ਵਿਚ 'ਰ' ਅਤੇ 'ਧ' ਵਰਜਿਤ)

***ਸਮਾਂ*** - ਦਿਨ ਦਾ ਚੌਥਾ ਪਹਿਰ    ***ਵਾਦੀ*** - ਗ    ***ਸੰਵਾਦੀ*** - ਨ

***ਆਰੋਹ*** - ਸ ਗ ਮ॑ ਪ ਨ ਸਂ।    ***ਅਵਰੋਹ*** - ਸਂ ਰੁਂਨ ਧੁਪ, ਮ॑ਗ ਮ॑ਗ, ਪ, ਗ ਰੁਸ।

***ਮੁੱਖ ਅੰਗ*** - ਸ, ਗ ਪ ਮ॑ ਧੁ ਪ ਮ॑ ਗ, ਮ॑ ਗ ਰੁ ਸ

ਤੀਨ ਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| X | | | | 2 | | | | 0 | | | | 3 | | | |
| ਸਥਾਈ | | | | | | | | | | | | | | | |
| | | | | | | | | - | ਸ | ਗ | ਪ | ਮ॑ | ਧੁ | ਪ | ਪ |
| | | | | | | | | | *ਹਰਿ* | *ਜ* | *ਨ* | *ਸਿ* | *ਮ* | *ਰ* | *ਹੁ* |
| | | | | | | | | - | S | G | P | M̍ | D | P | P |
| | | | | | | | | - | *HAR* | *JA* | *N* | *SI* | *M* | *RA* | *HU* |
| ਪ | ਮ॑ | ਗ | ਮ॑ | ਗ | ਰੁ | ਸ | - | - | ਪ | ਗ | ਗ | ਮ॑ | ਧੁ | ਪ | ਪ |
| *ਹਿ* | *ਰ* | *ਦੈ* | *ऽ* | *ਰਾ* | *ऽ* | *ਮ* | *ऽ* | | *ਹਰਿ* | *ਜਨ* | *ਕਉ* | *ਅ* | *ਪ* | *ਦਾ* | *ऽ* |
| P | M̍ | G | M̍ | G | R | S | - | - | P | G | G | M̍ | D | P | P |
| *HI* | *R* | *DAI* | - | *RAA* | - | *M* | - | - | *HAR* | *JAN* | *KAO* | *A* | *P* | *DAA* | - |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮ̍ | ਗ | ਪ | ਗ | ਰੁ | ਰੁ | ਸ | - | - | ਗ | ਮ̍ | ਪ | ਨ | ਰੁਨ | ਧੁ | ਪ |
| ਨਿ | ਕ | ਟਿ | ਨ | ਆ | ऽ | ਵੈ | ऽ | ऽ | ਪੂ | ਰ | ਨ | ਦਾ | ऽऽ | ਸ | ਕੇ |
| M̍ | G | P | G | R̲ | R̲ | S | - | - | G | M̍ | P | N | R̲N | D̲ | P |
| *NI* | *KA* | *T* | *NA* | *AA* | - | *VAI* | - | - | *POO* | *RA* | *N* | *DAA* | -- | *S* | *KAY* |
| ਮ̍ | ਧੁ | ਪ | ਗ | ਰੁ | ਰੁ | ਸ | ਸ | - | | | | | | | |
| ਕਾ | ऽ | ऽ | ऽ | ਮ | ऽ | ऽ | ऽ | ऽ | | | | | | | |
| M̍ | D̲ | P | G | R̲ | R̲ | S | S | - | | | | | | | |
| *KAA* | - | - | - | *M* | - | - | - | - | | | | | | | |
| **ਅੰਤਰਾ** | | | | | | | | | | | | | | | |
| | | | | | | | | - | ਗ | ਮ̍ | ਪ | ਨ | ਨ | ਸਂ | - |
| | | | | | | | | - | ਕੋ | ਟਿ | ਬਿ | ਘ | ਨ | ਬਿ | ਨ |
| | | | | | | | | - | G | M̍ | P | N | N | Ṡ | - |
| | | | | | | | | - | *KO* | *T* | *BI* | *GHA* | *N* | *BI* | *N* |
| ਸਂ | ਸਂ | ਸਂ | ਸਂ | ਰੁਂ | ਰੁਂ | ਸਂ | - | - | ਸਂ | ਗਂ | ਮ̍ਂ | ਗਂ | ਰੁਂ | ਸਂ | ਸਂ |
| ਸ | ਹਿ | ਹ | ਰਿ | ਸੇ | ऽ | ਵਾ | ऽ | ऽ | ਨਿਹ | ਚ | ਲੁ | ਗੋ | ऽ | ਵਿ | ਦ |
| Ṡ | Ṡ | Ṡ | Ṡ | Ṙ̲ | Ṙ̲ | Ṡ | - | - | Ṡ | Ġ | Ṁ̍ | Ġ | Ṙ̲ | Ṡ | Ṡ |
| *SA* | *HI* | *HA* | *R* | *SAY* | - | *VAA* | - | - | *NIH* | *CHA* | *L* | *GO* | - | *VI* | *D* |
| ਰੁਂ | ਨ | ਧੁ | ਪ | ਮ̍ | ਗ | ਪਗੁ | ਰੁ | ਸ | | | | | | | |
| ਧਾ | ऽ | ऽ | ऽ | ਮ | ऽ | ऽऽ | ऽ | ऽ | | | | | | | |
| Ṙ | N | D̲ | P | M̍ | G | PG | R̲ | S | | | | | | | |
| *DHAA-* | - | - | - | *M* | - | - | - | - | | | | | | | |

## ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਹਰਦੀਪ ਕੌਰ

**ਜੈਤਸਰੀ ਮਹਲਾ ੫ ॥**

ਹਰਿ ਜਨ ਸਿਮਰਹੁ ਹਿਰਦੈ ਰਾਮ ॥
ਹਰਿ ਜਨ ਕਉ ਨਿਕਟਿ ਨ ਆਵੈ ਪੂਰਨ ਦਾਸ ਕੇ ਕਾਮ ॥੧॥ ਰਹਾਉ ॥

O humble servants of the Lord, remember the Lord in meditation within your heart. Misfortune does not even approach the Lord's humble servant; the works of His slave are perfectly fulfilled. ॥1॥ Pause ॥

ਹੇ ਪਰਮਾਤਮਾ ਦੇ ਪਿਆਰਿਓ! ਆਪਣੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਸਿਮਰਿਆ ਕਰੋ। ਕੋਈ ਭੀ ਬਿਪਤਾ ਪ੍ਰਭੂ ਦੇ ਸੇਵਕਾਂ ਦੇ ਨੇੜੇ ਨਹੀਂ ਆਉਂਦੀ, ਸੇਵਕਾਂ ਦੇ ਸਾਰੇ ਕੰਮ ਸਿਰੇ ਚੜ੍ਹਦੇ ਰਹਿੰਦੇ ਹਨ।੧॥ ਰਹਾਉ।

ਕੋਟਿ ਬਿਘਨ ਬਿਨਸਹਿ ਹਰਿ ਸੇਵਾ ਨਿਹਚਲੁ ਗੋਵਿਦ ਧਾਮ ॥
ਭਗਵੰਤ ਭਗਤ ਕਉ ਭਉ ਕਿਛੁ ਨਾਹੀ ਆਦਰੁ ਦੇਵਤ ਜਾਮ ॥੧॥

Millions of obstacles are removed, by serving the Lord, and one enters into the eternal dwelling of the Lord of the Universe. The Lord's devotee is very fortunate; he has absolutely no fear. Even the Messenger of Death pays homage to him. ॥ 1 ॥

ਹੇ ਸੰਤ ਜਨੋ! ਪਰਮਾਤਮਾ ਦੀ ਭਗਤੀ (ਦੀ ਬਰਕਤਿ) ਨਾਲ (ਜ਼ਿੰਦਗੀ ਦੇ ਰਾਹ ਵਿਚੋਂ) ਕ੍ਰੋੜਾਂ ਔਕੜਾਂ ਨਾਸ ਹੋ ਜਾਂਦੀਆਂ ਹਨ, ਅਤੇ, ਪਰਮਾਤਮਾ ਦਾ ਸਦਾ ਅਟੱਲ ਰਹਿਣ ਵਾਲਾ ਘਰ (ਭੀ ਮਿਲ ਜਾਂਦਾ ਹੈ) ਭਗਵਾਨ ਦੇ ਭਗਤਾਂ ਨੂੰ ਕੋਈ ਭੀ ਡਰ ਪੋਹ ਨਹੀਂ ਸਕਦਾ, ਜਮਰਾਜ ਭੀ ਉਹਨਾਂ ਦਾ ਸਤਕਾਰ ਕਰਦਾ ਹੈ।੧।

ਤਜਿ ਗੋਪਾਲ ਆਨ ਜੋ ਕਰਣੀ ਸੋਈ ਸੋਈ ਬਿਨਸਤ ਖਾਤ ॥
ਚਰਨ ਕਮਲ ਹਿਰਦੈ ਗਹੁ ਨਾਨਕ ਸੁਖ ਸਮੂਹ ਬਿਸਰਾਮ ॥੨॥੯॥੧੩॥
(ਪੰਨਾ ੭੦੨)

Forsaking the Lord of the world, he does other deeds, but these are temporary and transitory. Grasp the Lord's lotus feet, and hold them in your heart, O Nanak; you shall obtain absolute peace and bliss. ॥ 2 ॥ 9 ॥ 13 ॥ (Pg.702)

ਹੇ ਨਾਨਕ! ਪਰਮਾਤਮਾ (ਦਾ ਸਿਮਰਨ) ਭੁਲਾ ਕੇ ਹੋਰ ਜੇਹੜਾ ਭੀ ਕੰਮ ਕਰੀਦਾ ਹੈ ਉਹ ਨਾਸਵੰਤ ਹੈ ਅਤੇ ਕੱਚਾ ਹੈ (ਇਸ ਵਾਸਤੇ, ਹੇ ਨਾਨਕ!) ਪਰਮਾਤਮਾ ਦੇ ਸੋਹਣੇ ਚਰਨ (ਆਪਣੇ) ਹਿਰਦੇ ਵਿਚ ਵਸਾਈ ਰੱਖ, (ਇਹ ਹਰਿ-ਚਰਨ ਹੀ) ਸਾਰੇ ਸੁੱਖਾਂ ਦਾ ਘਰ ਹਨ।੨। ੯।੧੩।